# ਦਰਸਨੁ ਭੇਟਤ ਹੋਤ ਨਿਹਾਲ



ਮਾਸਟਰ ਅਮਰੀਕ ਸਿੰਘ

Sri Satguru Jagjit Singh Ji Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

# ਦਰਸਨੁ ਭੇਟਤ ਹੋਤ ਨਿਹਾਲ
(ਕਾਵਿ ਸੰਗ੍ਰਹਿ)

ਮਾਸਟਰ ਅਮਰੀਕ ਸਿੰਘ

Sri Satguru Jagjit Singh Ji Elibrary NamdhariElibrary@gmail.com

**ਲੇਖਕ ਦੀਆਂ ਹੋਰ ਪੁਸਤਕਾਂ :-**

1. ਪਹਿਲਾ ਉਭਾਰ (ਗੀਤ-ਕਵਿਤਾਵਾਂ)
2. ਪੰਖੜੀਆਂ (ਕਵਿਤਾ)
3. ਗ਼ਮ ਦੀ ਮਹਿਕ (ਗ਼ਜ਼ਲ ਸੰਗ੍ਰਹਿ)
4. ਦਰਦ ਦਾ ਅਹਿਸਾਸ (ਗ਼ਜ਼ਲ ਸੰਗ੍ਰਹਿ)
5. ਮਿੱਠੀਆਂ ਮਿਰਚਾਂ (ਵਿਅੰਗ ਕਾਵਿ)
6. ਸੱਚੀ ਤੇਰੀ ਸਿਫ਼ਤ (ਗੀਤ ਸੰਗ੍ਰਹਿ)
7. ਜਿਨ ਮਾਰਗ ਦੀਆ ਬਤਾਏ (ਮਹਾਂ ਕਾਵਿ)
8. ਸ਼ੇਅਰਾਂ ਦਾ ਸ਼ੀਰਾਜ਼ਾ
9. ਬਹਾਰ-ਏ-ਗ਼ਜ਼ਲ ਹਿੰਦੀ (ਉਰਦੂ ਗ਼ਜ਼ਲਾਂ)
10. ਦੋਹੋਂ ਕੇ ਜਾਮ-ਨੇਤਾਓਂ ਕੇ ਨਾਮ (ਹਿੰਦੀ)
11. ਬਹਾਰੇ ਗ਼ਜ਼ਲ (ਉਰਦੂ ਗ਼ਜ਼ਲਾਂ)
12. ਗੁਰ ਗੀਤਾਂਜਲੀ
13. ਗੁਰ ਗੀਤਾਵਲੀ
14. ਦਿਲ ਦੀਆਂ ਗੱਲਾਂ ਗ਼ਜ਼ਲਾਂ ਬਣੀਆਂ
15. ਪੁਸਤਕ ਇਕ ਰੰਗ ਅਨੇਕ
16. ਖਟ ਮਿੱਠੀਆਂ ਮੁਸਕਾਨਾਂ
17. ਰਾਮ ਚਰਿਤ ਮਾਨਸ (ਰਮਾਇਣ) ਦਾ ਪੰਜਾਬੀ ਕਾਵਿ ਅਨੁਵਾਦ
18. ਮਹਾਂ ਭਾਰਤ ਪੰਜਾਬੀ ਕਾਵਿ ਅਨੁਵਾਦ
19. ਗੁਰ ਸਿਫ਼ਤਾਂਵਲੀ
20. ਰਤਨਾਂ ਦੀ ਖਾਨ
21. ਸੁੱਚੇ ਮੋਤੀ
22. ਦੋ ਵਾਰ ਵਾਘਿਓਂ ਪਾਰ

Sri Satguru Jagjit Singh Ji Elibrary NamdhariElibrary@gmail.com

# ਦਰਸਨੁ ਭੇਟਤ ਹੋਤ ਨਿਹਾਲ

(ਕਾਵਿ ਸੰਗ੍ਰਹਿ)

ਮਾਸਟਰ ਅਮਰੀਕ ਸਿੰਘ

ਤਸਵੀਰ ਪ੍ਰਕਾਸ਼ਨ, ਕਾਲਾਂਵਾਲੀ (ਸਿਰਸਾ)

Sri Satguru Jagjit Singh Ji Elibrary NamdhariElibrary@gmail.com

**Darsan Bhetat Hot Nihal** **(Poetry)**
**By:**
**Master Amrik Singhi**
©– Master Amrik Singh
Vill. Nawan Lalepur
Sabzi Mandi
Ellnabad, Distt. Sirsa (Haryana)
**Mob. 83072-90412**

**Rs. - 150/-**
**2019**
**ISBN :978-93-85862-54-0**
***Printed and Bound in India***
*Published by:*
***Tasvir Prakashan***
***Gurdwara Basti,***
***Mandi Kalanwali-125201***
***Distt. Sirsa (Haryana)***
***Mob. 09416124729***
***Email : tashvirprakashan@gmail.com***
***Printed By :***
***R.K.Offset Prosses, Delhi.***

***All rights reserved:***
**This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced stored in or introduced in to a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.**

Sri Satguru Jagjit Singh Ji Elibrary NamdhariElibrary@gmail.com

# ਸਮਰਪਣ

ਸ੍ਰੀ ਸਤਿਗੁਰੂ ਜੀ ਦੀ ਚਰਨ ਛੋਹ ਪ੍ਰਾਪਤ ਕਰ
ਸਕਣ ਵਾਲੇ ਜਗਿਆਸੂਆਂ ਦੇ ਨਾਂ

Sri Satguru Jagjit Singh Ji Elibrary NamdhariElibrary@gmail.com

# ਤਤਕਰਾ


1. ਜਿਉਂ ਕੀ ਤਿਉਂ ਧਰ ਦੀਨੀ ਚਦਰੀਆ/7
2. ਦਰਸਨੁ ਦੇਖਤ ਹੋਤ ਨਿਹਾਲ-
ਇੱਕ ਅਲੌਕਿਕ ਭਾਵਪੂਰਨ ਰਚਨਾ/10
3. ਦੀਦਾਰ ਸਤਿਗੁਰਾਂ ਦਾ/12
4. ਕਿਸ ਦਰ ਜਾਵਾਂ/13
5. ਹਰਦਮ ਵੱਸਦੇ ਹੀ ਰਹਿਣਾ/15
6. ਦਰਸ਼ਨ ਤੁਸਾਂ ਦਾ ਕਰਿਆਂ/16
7. ਤਰਸਦੇ ਜ਼ਮਾਨਾ/17
8. ਜਨਮ ਸਵਾਰ ਦਿੱਤਾ/18
9. ਸਭ ਦੁੱਖਾਂ ਦਾ ਦਾਰੂ ਏ/19
10. ਗੁਰ ਦਰਸ਼ਨ ਦੁਰਲੱਭ ਹੈ/20
11. ਹੋਏ ਹੋ ਆਪ ਦਿਆਲ/21
12. ਸੌਰ ਜਾਂਦਾ ਹਰ ਕਾਮ ਹੈ/22
13. ਜੋ ਦਰਸ਼ਨ ਕਰੀਏ/23
14. ਦਰਸ਼ਨ ਦੀ ਆਸ/24
15. ਦਰਸ਼ਨ ਕਰਨ ਹੈ ਜਾਣਾ/25
16. ਬੜੀ ਦੂਰ ਤੋਂ/26
17. ਰਹਿ ਨਹੀਂ ਸਕਣਾ/27
18. ਹੋਇਆ ਹਾਂ ਵਹਿ ਵੇਰੀ/28
19. ਦਰਸ਼ਨ ਦਿਖਾਇਆ ਕਰੋ/29
20. ਨਹੀਂ ਗੁਜ਼ਾਰਾ ਏ/30
21. ਜਗਤ ਪਿਆਸਾ/31
22. ਜੇ ਨੀਯਤ ਨੇਕ ਅਸਾਡੀ ਏ/32
23. ਦਿਨ ਦੋ ਚਾਰ/33
24. ਦੁਆਰ ਤਿਹਾਰੇ/34
25. ਕਿੰਜ ਉਸਤਤ ਕਰੀਏ/35
26. ਗੁਰ ਚਰਨੀ ਚਿੱਤ ਲਾਈਏ/36
27. ਦਰਸ਼ਨ ਦੀ ਜਿਸ ਕਦਰ ਨ ਜਾਣੀ/37
28. ਦਰਸ਼ਨ ਕਰਿਆਂ ਸੁੱਧ ਬੁੱਧ ਭੁੱਲੀ/38
29. ਦਰਸ਼ਨਾਂ ਨੂੰ ਤਰਸਦੇ ਸਾਰਾ ਜਹਾਂ/39
30. ਦਰਸ਼ਨਾਂ ਦਾ ਮੁੱਲ ਕੋਈ/40
31. ਗੁਰ ਦਰਸ਼ਨ ਅੱਜ ਮੈਂ ਪਾਇਆ ਏ/41
32. ਦਰਸ਼ਨ ਕਰਕੇ/42
33. ਤੁਸਾਂ ਜਦ ਤੱਕ ਦਰਸ ਦਿਖਾਣਾ ਨਹੀਂ/43
34. ਉਸਤਤ ਕੀ ਕਰੀਏ/44
35. ਦਰਸਨ ਪਿਆਸ ਲਗੀ ਮਨ ਮੇਰੇ/45
36. ਗੁਰਾਂ ਦਾ ਦਰਸ਼ਨ ਕਰੀਏ/46
37. ਅਕਸੀਰ ਦਵਾਈ/47
38. ਬੜੀ ਮਿਹਰਬਾਨੀ/48
39. ਜ਼ਿੰਦਗੀ ਨਾਕਾਮ ਹੈ/49
40. ਗੁਰ ਦਰਸ਼ਨ ਜੋ ਕਰਦੇ ਨੇ/50
41. ਤੁਸਾਂ ਦੇ ਦੁਆਰੇ/51
42. ਸਦ ਬਲਿਹਾਰ ਹੋ ਗਿਆ/52
43. ਦਿਆਲੂ ਬੜੇ ਹੋ/53
44. ਉਮਰ ਥੋੜ੍ਹੀ ਤੇਰੀ/54
45. ਗੁਰ ਚਰਨਾਂ ਵਿਚ/55
46. ਨਾ ਰੋਕੋ ਐ ਲੋਕੋ/56
47. ਜਨਮ ਸਵਾਰ ਲਿਆ/57
48. ਸੱਜਣ ਘਰ ਆਏ ਨੇ/58
49. ਸਭ ਦੁੱਖਾਂ ਦਾ ਦਾਰੂ ਏ/59
50. ਹੋਣਾ ਚਾਹੋ ਸਫਲ/60
51. ਦਰਸ਼ਨ ਦੇਂਦੇ ਰਹਿਣਾ/61
52. ਤਾਂਘ ਹੁੰਦੀ ਏ ਜਿਨ੍ਹਾਂ ਨੂੰ/62
53. ਕੀ ਭੇਟ ਚੜ੍ਹਾਈਏ/63
54. ਦੁਬਿਧਾ ਦੂਰ ਕਰੋ/64
55. ਰੱਜ ਰੱਜ ਦਰਸ਼ਨ ਕਰੀਏ/65
56. ਘੁੱਪ ਹਨ੍ਹੇਰਿਓਂ ਆਏ/66
57. ਗੁਰ ਦਰਸ਼ਨ ਦੀ ਪਿਆਸ/67
58. ਅਸਾਂ ਗੁਰ ਦਰਬਾਰੇ/68
59. ਵੱਸਦੇ ਰਹਿਣਾ/69
60. ਹੋਰ ਜ਼ਿੰਦਾ ਰਹਿਣ ਦੇ/70
61. ਸਦਾ ਏਸ ਵਿਚ ਵੱਸੋ/71
62. ਤਰਸਦੇ ਸਾਰਾ ਜਹਾਂ/72
63. ਕਰੋ ਮਿਹਰ/73
64. ਕਦਰ ਜਿਸਨੇ ਗੁਰ ਦਰਸ਼ਨਾਂ ਦੀ/74
65. ਕੋਈ ਨਹੀਂ ਹੈ ਮੇਰਾ/75
66. ਮੇਰੇ ਜਿਹਾਂ ਨੂੰ ਦਰਸ਼ਨ ਦੇਕੇ/76
67. ਦਰਸ਼ਨ ਦੋਹੇ (੧-੨੦)/77-96


Sri Satguru Jagjit Singh Ji Elibrary NamdhariElibrary@gmail.com

# ਜਿਉਂ ਕੀ ਤਿਉਂ ਧਰ ਦੀਨੀ ਚਦਰੀਆ

ਸ਼ਰਬਾਂਗੀ ਸਾਹਿਤਕਾਰ, ਮਹਾਂਕਵੀ, ਹਰਿਆਣਾ ਗੌਰਵ (ਸਨਮਾਨਿਤ) ਨਿਹਾਇਤ ਮਿਲਣਸਾਰ, ਸਾਦਗੀ ਪੁੰਜ, ਸਵੇਦਨਸ਼ੀਲ, ਨਿਰਛਲ, ਵਿਵੇਕਵਾਨ, ਯਾਰਾਂ ਦੇ ਯਾਰ ਅਤੇ ਅਧਿਆਤਮਿਕ ਬਿਰਤੀ ਦੇ ਮਾਲਕ ਮਾਸਟਰ ਅਮਰੀਕ ਸਿੰਘ ਜੀ ਨਾਲ ਮੇਰਾ ਬੜਾ ਨਜਦੀਕੀ ਮੇਲ ਜੋਲ ਕੋਈ ਚਾਰ ਕੁ ਦਹਾਕਿਆਂ ਦਾ ਹੈ। ਜਿੱਥੇ ਉਹ ਉੱਚ ਕੋਟੀ ਦੀ ਕਰਿਤਾਰਿਤਾ ਦੇ ਸਵਾਮੀ ਹਨ ਉੱਥੇ ਹੀ ਬੜੇ ਮਿਠਬੋਲੜੇ ਅਤੇ ਅਹਿਮ ਰਹਿਤ ਇਨਸਾਨ ਹਨ।

ਸਾਹਿਤ ਜਗਤ ਵਿੱਚ ਉਹਨਾਂ ਦੀ ਅਖੌਤੀ ਜਾਣ-ਪਛਾਣ ਇੱਕ ਹਾਸੋਹੀਣਾ ਕਾਰਜ ਹੋਵੇਗਾ। ਹਾਂ ਇਤਨਾ ਕਹਿਣਾ ਵਾਜਬ ਜਾਪਦਾ ਹੈ ਕਿ ਮਹਾਨ ਸਾਹਿਤਕਾਰ ਸੰਤ ਤਰਨ ਸਿੰਘ ਵਹਿਮੀ ਦੇ ਭਾਣਜੇ ਹਨ ਅਤੇ ਉਹਨਾਂ ਦੀ ਵਿਰਾਸਤ ਦੇ ਹਕੀਕੀ ਦਾਅਵੇਦਾਰ ਵੀ ਹਨ।

ਮਾਸਟਰ ਅਮਰੀਕ ਸਿੰਘ ਜੀ ਦਾ ਅਨੁਰੋਧ ਸਵੀਕਾਰਿਆ। ਮੈਂ ਉਹਨਾਂ ਦੀ ਇਸ ਭਾਵ-ਭਿੱਜੀ, ਆਪਣੇ ਇਸ਼ਟ ਨੂੰ ਸਮਰਪਤ, ਦਿਲੀ ਗਹਿਰਾਈਆਂ 'ਚੋਂ ਉਪਜੀ ਕ੍ਰਿਤੀ ਬਾਰੇ ਕੁਝ ਕੁ ਸ਼ਬਦ ਬਤੌਰ ਪਾਠਕ ਕਲਮ ਦੇ ਹਵਾਲੇ ਕਰਨ ਦੀ ਕੋਸ਼ਿਸ਼ ਕੀਤੀ ਹੈ।

ਮੇਰੀ ਧਾਰਨਾ ਹੈ ਕਿ ਲੇਖਕ ਜੋ ਕੁਝ ਕਹਿ ਰਿਹਾ ਹੈ। ਉਸ ਦਾ ਆਕਲਨ ਉਸਦੇ ਨਜ਼ਰੀਏ ਤੋਂ ਹੀ ਕੀਤਾ ਜਾਣਾ ਚਾਹੀਦਾ ਹੈ। ਇੰਜ ਅਸੀਂ ਜਿੱਥੇ ਸਾਹਿਤਕਾਰ ਨਾਲ ਇਨਸਾਫ ਕਰ ਸਕਾਂਗੇ ਉੱਥੇ ਹੀ ਉਸ ਦੀ ਰਚਨਾ ਨੂੰ ਵੀ ਮਾਣ ਸਕਾਂਗੇ।

ਪੜ੍ਹਨਾ ਅਤੇ ਮੰਥਨ ਕਰਨਾ ਇੱਕ ਅੱਛੇ ਪਾਠਕ ਦਾ ਕਰਤਵ ਹੈ। ਹਾਂ ਕਲਮ ਦੇ ਪਿੱਛੇ ਕਿਰਦਾਰ ਜ਼ਰੂਰ ਦਿਸਣਾ ਚਾਹੀਦਾ ਹੈ ਅਤੇ ਮੈਂ ਨਿਸੰਕੋਚ ਕਹਿ ਸਕਦਾ ਹਾਂ ਕਿ ਹੱਥਲੀ ਰਚਨਾ ਹੀ ਨਹੀਂ ਮਾਸਟਰ ਜੀ ਦੇ ਸਮੁੱਚੇ ਸਾਹਿਤ 'ਚੋਂ ਉਹਨਾਂ ਦਾ ਵਜੂਦ ਨਿਖਰਕੇ ਸਾਹਮਣੇ ਆ ਖੜ੍ਹਾ ਹੁੰਦਾ ਹੈ।

ਉੱਘੇ ਸਾਹਿਤਕਾਰ, ਪੱਤਰਕਾਰ, ਪ੍ਰਕਾਸ਼ਕ ਅਤੇ ਸਮਾਜਸੇਵੀ ਭੁਪਿੰਦਰ ਪੰਨੀਵਾਲੀਆ ਤੋਂ ਇਸ ਪੁਸਤਕ ਦੀ ਟਾਈਪਸ਼ੁਦਾ ਪਾਂਡੂ ਲਿਪੀ ਹਾਸਲ ਕਰਕੇ, ਅਵਲੋਕਨ ਅਤੇ ਮੰਥਨ ਉਪਰੰਤ ਮੈਂ ਕੁਝ ਕੁ ਸੰਖੇਪ ਵਿਚਾਰ ਪ੍ਰਸਤੁਤ ਕਰਨ ਦਾ ਪ੍ਰਯਾਸ ਕਰ ਰਿਹਾ ਹਾਂ।

ਮਾਸਟਰ ਅਮਰੀਕ ਸਿੰਘ ਹੁਰੀਂ ਜਿੱਥੇ ਇੱਕ ਪਾਸੇ ਸੁਰਸਾ-ਵੱਤ ਮੂੰਹ ਅੱਡੀ ਖੜ੍ਹੇ ਸਮਕਾਲ ਦੇ ਮਸਲਿਆਂ ਨੂੰ ਅੱਖੋਂ ਪਰੋਖੇ ਨਹੀਂ ਕਰਦੇ ਉੱਥੇ ਦੂਜੇ ਪਾਸੇ ਉਹਨਾਂ ਦਾ ਅਧਿਆਤਮਕ ਸਫ਼ਰ ਜਾਰੀ ਹੈ।

ਚਰਚਾ ਅਧੀਨ ਗਰੰਥ ਤੋਂ ਪਹਿਲਾਂ ਵੀ ਉਹ ਇੱਕ ਪੁਸਤਕ 'ਦਰਸਨੁ



Sri Satguru Jagjit Singh Ji Elibrary NamdhariElibrary@gmail.com

ਭੇਟਤ ਹੋਤ ਨਿਹਾਲ' ਰਾਹੀਂ ਆਪਣੀ ਆਸਥਾ ਦੇ ਸਜੀਵ ਫੁੱਲ ਆਪਣੇ ਸਤਿਗੁਰੂ ਦੇ ਚਰਨਾਂ ਵਿੱਚ ਭੇਂਟ ਕਰ ਚੁੱਕੇ ਹਨ।

ਉਹਨਾਂ ਦੀਆਂ ਇਸ ਆਸ਼ੇ ਦੀਆਂ ਕਵਿਤਾਵਾਂ ਆਦਿ ਕਈ ਮਾਸਿਕ ਆਦਿ ਰਸਾਲਿਆਂ ਵਿੱਚ ਛਪਦੀਆਂ ਰਹਿੰਦੀਆਂ ਹਨ। ਕਈ ਵਾਰੀ ਤਾਂ ਉਹਨਾਂ ਦੀ ਇੱਕ ਪਾਸਣ ਕਲਮਕਾਰੀ ਨੂੰ ਪੜ੍ਹ ਕੇ 'ਅਕਬਰ ਇਲਾਹਾਬਾਦੀ' ਦਾ ਇਹ ਸ਼ੇਅਰ ਯਾਦ ਆ ਜਾਂਦਾ ਹੈ ਕਿ :

'ਰਕੀਬੋਂ ਨੇ ਰਪਟ ਲਿਖਵਾਈ ਹੈ,
ਜਾ ਜਾ ਕੇ ਥਾਨੇ ਮੇਂ।
ਕਿ ਅਕਬਰ ਨਾਮ ਲੇਤਾ ਹੈ,
ਖ਼ੁਦਾ ਕਾ ਇਸ ਜ਼ਮਾਨੇ ਮੇਂ।

ਅਤੇ ਇਸ ਦੇ ਨਾਲ ਹੀ ਕਿਸੇ ਸ਼ਾਇਰ ਦਾ ਇਹ ਕਥਨ ਸਾਹਮਣੇ ਆ ਖੜ੍ਹਾ ਹੁੰਦਾ ਹੈ ਕਿ :-

'ਮੁਹੱਬਤ ਕੇ ਲੀਏ ਖਾਸ ਦਿਲ ਮਖ਼ਸੂਸ ਹੋਤੇ ਹੈਂ,
ਯਿਹ ਵੁਹ ਨਗ਼ਮਾ ਹੈ ਜੋ ਹਰ ਸਾਜ਼ ਪੇ ਗਾਇਆ ਨਹੀਂ ਜਾਤਾ।'

ਇਸ ਪੁਸਤਕ ਵਿੱਚ ਗ਼ਜ਼ਲ, ਗੀਤ, ਕਵਿਤਾ ਅਤੇ ਦੋਹੇ ਵਿਧਾ ਵਿੱਚ ਰਚਿਤ ਸਾਰੀਆਂ ਕ੍ਰਿਤੀਆਂ ਉਪਰ ਤਾਂ ਨਜ਼ਰਸਾਨੀ ਕਰਨਾ ਵਾਜਿਬ ਨਹੀਂ ਜਾਪਦਾ, ਪਾਠਕ ਬਹੁਤ ਸਤਰਕ ਹੈ। ਖ਼ੁਦ ਪੜ੍ਹ ਕੇ ਨਿਰਣੇ ਲੈ ਸਕਦਾ ਹੈ, ਪਰ ਦੇਗ ਵਿਚਲੇ ਚਾਵਲ ਵਜੋਂ ਕੁਝ ਪਰੋਸਣਾ ਜ਼ਰੂਰੀ ਹੈ। ਕੁਝ ਟੂਕਾਂ ਹਾਜ਼ਿਰ ਹਨ। ਜਿਵੇਂ ਕਿ :

ਪੂਰੇ ਗੁਰਾਂ ਨੇ ਕਿਰਪਾ ਕੀਤੀ, ਸਾਰੀ ਦੁਰਮਤ ਹੈ ਹਰ ਲੀਤਾ,
ਉੱਡ ਗਈ ਹੈ ਬੇਪ੍ਰਤੀਤੀ, ਤਪਦਾ ਹਿਰਦਾ ਠਾਰ ਦਿੱਤਾ।
ਹੋਈਆਂ ਪੂਰੀਆਂ ਸਭ ਮੁਰਾਦਾਂ, ਛੱਡਿਆ ਖਹਿੜਾ ਵਾਦ ਵਿਵਾਦਾਂ,
ਭੁੱਲੀਆਂ ਬੁਰੇ ਦਿਨਾਂ ਦੀਆਂ ਯਾਦਾਂ, ਤਨ ਮਨ ਨਵਾਂ ਉਸਾਰ ਦਿੱਤਾ।

ਇਹਨਾਂ ਟੂਕਾਂ ਵਿੱਚ ਕਵੀ ਦੀ ਭਾਵਨਾ, ਆਸਥਾ ਅਤੇ ਕਵਿਤਾ ਵਿਚਲੇ ਕਾਵਿਕ ਗੁਣਾਂ ਨੂੰ ਮਾਣਿਆ ਤਾਂ ਜਾ ਸਕਦਾ ਹੈ ਪਰ ਮੁਲਾਂਕਣ ਕਰਨਾ ਇਵੇਂ ਹੀ ਹੋਵੇਗਾ ਜਿਵੇਂ ਕਿਸੇ ਅਤਿ ਸੁੰਦਰ ਫੁੱਲ ਦੀ ਸੁਗੰਧੀ ਤੋਂ ਉਸਦੀ ਹਰੇਕ ਪੰਖੜੀ ਤੋੜ ਕੇ ਆਨੰਦਿਤ ਹੋਣ ਦਾ ਪ੍ਰਯਾਸ ਕੀਤਾ ਜਾਵੇ।

ਅਜੋਕੇ ਤਾਮਸੀ ਯੁੱਗ ਵਿੱਚ ਜਦੋਂ ਕਿ ਕਾਮ, ਕਰੋਧ, ਲੋਭ, ਮੋਹ, ਹੰਕਾਰ ਦੇ ਦਾਨਵੀ ਕਿਰਦਾਰ ਨੇ ਭਾਈਚਾਰੇ ਨੂੰ ਖੇਰੂੰ-ਖੇਰੂੰ ਕਰ ਛੱਡਿਆ ਹੈ। ਅ-ਵਿਸ਼ਵਾਸ਼ ਅਤੇ ਧੋਖਾਧੜੀ ਆਸਥਾ ਦੀਆਂ ਜੜ੍ਹਾਂ ਖੋਖਲੀਆਂ ਕਰ ਰਹੀਆਂ ਹਨ। ਸ਼ਾਤੀ-ਸੁਖਚੈਨ ਥੋਥੇ ਪ੍ਰਵਚਨਾਂ ਦਾ ਹਿੱਸਾ ਬਣ ਕੇ ਰਹਿ ਗਏ ਹਨ ਤਾਂ ਯਕੀਨਨ ਲੋੜ ਹੈ ਸਾਡੇ ਧਾਰਮਿਕ-ਅਧਿਆਤਮਕ ਵਿਰਸੇ ਨੂੰ ਵਿਗਿਆਨਕ



Sri Satguru Jagjit Singh Ji Elibrary NamdhariElibrary@gmail.com

ਢੰਗ ਨਾਲ ਪਰਖਣ-ਸਮਝਣ ਦੀ ਅਤੇ ਨੈਤਿਕ ਮੁੱਲਾਂ ਦੇ ਲੜ ਲੱਗਣ ਦੀ। ਪਰਤੱਖ ਦੇਖ ਰਹੇ ਹਾਂ ਕਿ ਅਮਨ-ਚੈਨ ਦੀ ਨੀਂਦ ਸ਼ਾਇਦ ਹੀ ਕਿਸੇ ਨੂੰ ਪ੍ਰਾਪਤ ਹੁੰਦੀ ਹੋਵੇ। ਆਮ ਵਿਅਕਤੀ ਸੁਖ ਦੀ ਤਲਾਸ਼ ਵਿੱਚ ਦੰਭੀ ਅਤੇ ਧਾਰਮਿਕ ਮਖੌਟੇ-ਧਾਰੀਆਂ ਦੀਆਂ ਕਰਤੂਤਾਂ ਤੋਂ ਤੰਗ ਆ ਕੇ ਨਾਸਤਿਕਤਾ ਵੱਲ ਵਧ ਰਿਹਾ ਹੈ। ਤਾਂ ਐਸੇ ਸਮੇਂ ਮਾਸਟਰ ਅਮਰੀਕ ਸਿੰਘ ਜਿਹੇ ਨਿੱਗਰ ਕਿਰਦਾਰ ਅਤੇ ਨਿਸ਼ਠਾਵਾਨ ਵਿਅਕਤੀ ਵੱਲੋਂ ਪਰੋਸਿਆ ਗਿਆ ਇਹ ਪ੍ਰਸ਼ਾਦ ਪਾਠਕਾਂ ਨੂੰ ਕੁਝ ਵੱਖਰਾ ਸੋਚਣ-ਸਮਝਣ ਲਈ ਪ੍ਰੇਰਿਤ ਕਰੇਗਾ। ਐਸਾ ਮੇਰਾ ਵਿਸ਼ਵਾਸ ਹੈ।

ਸਾਹਿਤ ਦੇ ਕਰਮ ਖੇਤ ਵਿੱਚ ਨਿਰੰਤਰ ਫਸਲਾਂ ਬੀਜਣ ਵਾਲੇ ਮਾਸਟਰ ਅਮਰੀਕ ਸਿੰਘ ਜੀ ਦੀ ਨਿਰੋਗੀ ਅਤੇ ਲਮੇਰੀ ਕਾਇਆ ਦੀ ਕਾਮਨਾ ਕਰਦਿਆਂ ਉਹਨਾਂ ਨੂੰ ਇਹ ਗ੍ਰੰਥ ਲਿਖਣ ਅਤੇ ਸਾਹਿਤ ਜਗਤ ਦੇ ਮੋਕਲੇ ਵਿਹੜੇ ਵਿੱਚ ਬਿਰਾਜਮਾਨ ਕਰਨ ਲਈ ਵਧਾਈ ਦਿੰਦਾ ਹਾਂ। ਅਤੇ ਵਿਸ਼ੇਸ਼ ਪ੍ਰਕਾਰ ਦੇ ਬੌਧਿਕ ਸਤਰ ਦੇ ਜਗਿਆਸੂਆਂ ਤੋਂ ਇਸ ਦੇ ਸਵਾਗਤ ਦੀ ਉਮੀਦ ਰੱਖਦਾ ਹਾਂ।

ਆਮੀਨ!

**ਡਾ. ਜੀ.ਡੀ.ਚੌਧਰੀ**
ਮੋ. 95180-11172



Sri Satguru Jagjit Singh Ji Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।।

# ਦਰਸਨੁ ਦੇਖਤ ਹੋਤ ਨਿਹਾਲ-ਇੱਕ ਅਲੌਕਿਕ ਭਾਵਪੂਰਨ ਰਚਨਾ

ਕਿਸੇ ਵੀ ਵਿਧਾ ਵਿੱਚ ਲਿਖਣਾ ਬਹੁਤ ਹੀ ਔਖਾ ਕੰਮ ਹੁੰਦਾ ਹੈ। ਇੱਕ ਲੰਮੀ ਸਾਧਨਾ ਕਰਨ ਉਪਰੰਤ ਹਿਰਦੇ ਦੀਆਂ ਗਹਿਰਾਈਆਂ ਵਿੱਚੋਂ ਨਿਕਲੇ ਬੋਲਾਂ ਨੂੰ ਧਿਆਨ ਨਾਲ ਉਸ ਵਿਧਾ ਅਨੁਸਾਰ ਲਿਖਣਾ, ਫਿਰ ਉਸਨੂੰ ਪੁਸਤਕ ਰੂਪ ਦੇਣਾ, ਫਿਰ ਛਪਵਾਉਣਾ ਤੇ ਫਿਰ ਛਪੀਆਂ ਪੁਸਤਕਾਂ ਨੂੰ ਵੰਡਣਾ-ਇੱਕ ਤਪੱਸਿਆ ਵਰਗਾ ਹੀ ਕਾਰਜ ਹੁੰਦਾ ਹੈ।

ਕਾਵਿ ਖੇਤਰ ਵਿੱਚ ਮਾਸਟਰ ਅਮਰੀਕ ਸਿੰਘ ਦਾ ਨਾਮ ਪੰਜਾਬੀ ਸਾਹਿਤ ਖੇਤਰ ਵਿੱਚ, ਖ਼ਾਸ ਤੌਰ 'ਤੇ ਨਾਮਧਾਰੀ ਜਗਤ ਵਿੱਚ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਹੈ। ਸ਼ਹਿਰ ਐਲਨਾਬਾਦ ਜ਼ਿਲ੍ਹਾ ਸਿਰਸਾ (ਹਰਿਆਣਾ) ਵਿੱਚ ਰਹਿੰਦੇ ਮਾਸਟਰ ਅਮਰੀਕ ਸਿੰਘ ਜੀ ਕਰੀਬ 89 ਸਾਲ ਦੇ ਹਨ। ਮਾਸਟਰ ਜੀ ਨੇ ਆਪਣੇ ਖੇਤੀਬਾੜੀ ਦੇ ਪੁਸ਼ਤੈਨੀ ਕਿੱਤੇ ਦੇ ਨਾਲ ਨਾਲ ਸ੍ਰੀ ਗੁਰੂ ਹਰੀ ਸਿੰਘ ਸਕੂਲ ਸ੍ਰੀ ਜੀਵਨ ਨਗਰ ਵਿਖੇ ਸਕੂਲ ਮਾਸਟਰੀ ਕਰਦਿਆਂ, ਉਸੇ ਸਕੂਲ ਦੀ ਮੈਨੇਜਰੀ ਕੀਤੀ। ਮਾਸਟਰ ਜੀ ਕਈ ਸਿੱਖਿਆ ਸੰਸਥਾਵਾਂ ਨਾਲ ਵੀ ਜੁੜੇ ਰਹੇ। ਆਪ ਦੇ ਅਨੇਕ ਸ਼ਗਿਰਦ ਹਨ।

ਇਸ ਪੁਸਤਕ ਸਮੇਤ ਆਪ ਜੀ ਦੀਆਂ 23 ਪੁਸਤਕਾਂ ਛਪ ਚੁੱਕੀਆਂ ਹਨ। ਕਰੀਬ ਤਿੰਨ ਕੁ ਹੋਰ ਪੁਸਤਕਾਂ ਤਿਆਰ ਹਨ। ਜੋ ਅਜੇ ਛਪਣੀਆਂ ਹਨ।

ਮਾਸਟਰ ਅਮਰੀਕ ਸਿੰਘ ਜੀ ਦੀਆਂ ਪ੍ਰਕਾਸ਼ਿਤ ਪੁਸਤਕਾਂ ਵਿੱਚ ਗੀਤ ਵੀ ਹਨ, ਗ਼ਜ਼ਲਾਂ ਵੀ, ਦੋਹੇ ਵੀ ਹਨ ਅਤੇ ਰੁਬਾਈਆਂ ਚੌਬਰਗੇ ਵੀ। ਉਹਨਾਂ ਪੰਜਾਬੀ ਕਾਵਿ ਦੇ ਕਬਿਤ, ਬੈਂਤ, ਕੋਰੜਾ, ਦਵੱਈਆ ਆਦਿ ਵੱਖ ਵੱਖ ਛੰਦਾਂ ਦਾ ਵੀ ਸਫਲ ਪ੍ਰਯੋਗ ਕੀਤਾ ਹੈ। ਕਾਵਿ ਪੁਸਤਕਾਂ ਤੋਂ ਇਲਾਵਾ ਉਹਨਾਂ ਹੁਣ ਤੱਕ ਤਿੰਨ ਮਹਾਂ ਕਾਵਿ ਵੀ ਲਿਖੇ ਹਨ। ਇੱਕ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਬਾਰੇ 'ਜਿਨ ਮਾਰਗਿ ਦੀਆ ਬਤਾਇ' ਅਤੇ ਦੋ ਮਹਾਂ ਕਾਵਿ ਰਾਮਾਇਣ ਅਤੇ ਮਹਾਂਭਾਰਤ ਲਿਖੇ ਹਨ।

ਬੜੀ ਸ਼ਰਧਾ ਅਤੇ ਵਿਸ਼ਵਾਸ ਨਾਲ ਲਿਖੀ ਇਸ ਹੱਥਲੀ ਪੁਸਤਕ 'ਦਰਸਨੁ ਭੇਟਤ ਹੋਤ ਨਿਹਾਲ' ਵਿੱਚ ਮਾਸਟਰ ਜੀ ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾਂ ਦਾ ਮਹਾਤਮ ਅਤੇ ਦਰਸ਼ਨ ਕਰ ਕੇ ਹੋਏ ਆਨੰਦ ਰਸ ਦਾ ਬਿਆਨਾ ਕਰਦੇ ਹਨ। ਆਪ ਲਿਖਦੇ ਹਨ :-

'ਗੁਰ ਦਰਸ਼ਨ ਦੁਰਲੱਭ ਹੈ,



Sri Satguru Jagjit Singh Ji Elibrary NamdhariElibrary@gmail.com

ਪਰ ਹੁੰਦਾ ਨਾਲ ਸਬੱਬ ਹੈ।'

'ਗੁਰ ਦਰਸ਼ਨ ਅੱਜ ਮੈਂ ਪਾਇਆ ਏ।
ਸਾਰੇ ਦੁੱਖ ਦਰਦ ਮਿਟਾਇਆ ਏ।
ਖਿੜ ਗਿਆ ਏ ਤਨ ਮਨ ਫੁੱਲ ਵਾਂਗੂੰ,
ਮੇਰਾ ਅੰਗ ਅੰਗ ਮਹਿਕਾਇਆ ਏ।'

'ਦਰਸ਼ਨ ਕਰਿਆ ਸੁਧ ਬੁਧ ਭੁੱਲੀ,
ਐਸਾ ਕੀਤਾ ਜਾਦੂ।
ਮਸਤੀ ਦੇ ਵਿੱਚ ਝੂਮ ਰਹੇ ਹਾਂ,
ਹੋਏ ਹਾਂ ਪਤਿਤ ਪੁਨੀਤਾ।'

'ਵਾਲ ਵਾਲ ਹੈ ਹੋ ਰਿਹਾ ਮੇਰਾ ਸ਼ੁਕਰ ਗੁਜਾਰ।
ਜਿਨ੍ਹਾਂ ਮੇਰੀ ਸੁਣ ਲਈ ਛੇਤੀ ਹਾਲ ਪੁਕਾਰ।'

'ਹੋਰ ਨਹੀਂ ਕੁਝ ਚਾਹੀਦਾ, ਬਸ ਦਰਸ਼ਨ ਦੀ ਲੋੜ।
ਚਰਨਾਂ ਨਾਲ ਹਮੇਸ਼ ਹੀ ਰਖਿਓ ਮੈਨੂੰ ਜੋੜ।'

ਅਨੇਕ ਮਾਨ-ਸਨਮਾਨ ਪ੍ਰਾਪਤ ਕਰ ਚੁੱਕੀ ਸੁਲਝੀ ਹੋਈ ਸਖਸ਼ੀਅਤ ਮਾਸਟਰ ਅਮਰੀਕ ਸਿੰਘ ਜੀ ਦੀ ਇਸ ਪੁਸਤਕ ਬਾਰੇ ਲਿਖਦਿਆਂ ਮੈਨੂੰ ਮਾਨ ਮਹਿਸੂਸ ਹੁੰਦਾ ਹੈ।

ਅੰਤ ਵਿੱਚ ਮੈਂ ਮਾਸਟਰ ਅਮਰੀਕ ਸਿੰਘ ਜੀ ਦੇ ਨਿਰੰਤਰ ਲਿਖਦੇ ਰਹਿਣ ਦੇ ਜਜ਼ਬੇ ਨੂੰ ਸਲਾਮ ਕਰਦਿਆਂ ਉਹਨਾਂ ਦੀਆਂ ਲਿਖੀਆਂ ਹੀ ਚੰਦ ਲਾਈਨਾਂ ਪੇਸ਼ ਕਰਦੀ ਹਾਂ :-

'ਲਿਖ ਲਿਖ ਭਾਵੇਂ ਉਮਰ ਹੈ ਥੱਕੀ, ਨਹੀਂ ਥੱਕੀ ਅਭਿਲਾਸ਼ਾ।
ਹੋਰ ਲਿਖਾਂ ਕੁਝ ਹੋਰ ਲਿਖਾਂ ਮੈਂ, ਬਹੁਤ ਹੈ ਲੰਮੀ ਆਸਾ।'

(ਪੁਸਤਕ ਮਹਾਂਭਾਰਤ, ਪੰਨਾ 595)

**ਸੂਬਾ ਸੁਰਿੰਦਰ ਕੌਰ ਖਰਲ**
98157-03588



Sri Satguru Jagjit Singh Ji Elibrary NamdhariElibrary@gmail.com

## ਦੀਦਾਰ ਸਤਿਗੁਰਾਂ ਦਾ

ਦੀਦਾਰ ਸਤਿਗੁਰਾਂ ਦਾ ਮੱਕੇ ਦੇ ਹੱਜ ਦੇ ਤੁੱਲ ਹੈ।
ਇਕ ਪਲ ਕਿਤੇ ਜੋ ਹੋਵੇ ਉਸ ਪਲ ਦਾ ਦੱਸ ਕੀ ਮੁੱਲ ਹੈ।

ਅਗਿਆਨ ਦੇ ਹਨ੍ਹੇਰੇ ਫਿਰਦੈ ਭਟਕਦਾ ਕੋਈ,
ਦਰਸ਼ਨ ਕਰੇ ਤਾਂ ਉਸਦਾ ਮਿਟਦਾ ਹਨ੍ਹੇਰਾ ਕੁੱਲ ਹੈ।

ਨਿਰਮਾਨ ਹੋ ਜੋ ਚੱਲ ਕੇ ਆਵੇ ਬਖਸ਼ਿਆ ਜਾਵੇ,
ਬੰਦਾ ਤਾਂ ਭੁੱਲਣਹਾਰ ਹੈ ਕੇਵਲ ਗੁਰੂ ਅਭੁੱਲ ਹੈ।

ਜੀਵਨ 'ਚ ਜੇ ਕਿਸੇ ਦੇ ਝੁਲਦੀ ਏ ਦੁੱਖ ਹਨ੍ਹੇਰੀ,
ਆਵੇ ਜੋ ਸ਼ਰਨ ਹਟਦੀ, ਸਕਦੀ ਨ ਫੇਰ ਝੁੱਲ ਹੈ।

ਭਵਜਲ ਤੋਂ ਪਾਰ ਜਾਣੇ ਕੋਈ ਆਸਰਾ ਨਹੀਂ ਏ,
ਇੱਕ ਸਤਿਗੁਰੂ ਹੀ ਬਣਦੈ ਬੱਸ ਬਹੁਤ ਪੱਕਾ ਪੁੱਲ ਹੈ।

ਅੰਦਰ ਜੋ ਕਪਟ ਰੱਖਕੇ ਝੁਕਦਾ ਏ ਏਸ ਦਰ 'ਤੇ,
ਪਲ ਵਿਚ ਹੀ ਉਸ ਬੰਦੇ ਦਾ ਹਰ ਭੇਤ ਜਾਂਦਾ ਖੁੱਲ੍ਹ ਹੈ।

ਨੀਅਤ ਜੋ ਸਾਫ਼ ਰੱਖਦੇ ਮਨ ਚਿੰਦਿਆ ਫਲ ਹੈ ਮਿਲਦਾ,
'ਅਮਰੀਕਾ ਸਿੰਘ' ਜਿਹਾਂ ਦਾ ਪਾਸਾ ਉਹ ਲੈਂਦੇ ਖੁੱਲ ਹੈ।
***



Sri Satguru Jagjit Singh Ji Elibrary NamdhariElibrary@gmail.com

## ਕਿਸ ਦਰ ਜਾਵਾਂ

ਇਹ ਦਰ ਛੱਡ ਮੈਂ ਕਿਸ ਦਰ ਜਾਵਾਂ।
ਕਿਸ ਨੂੰ ਦਿਲ ਦਾ ਹਾਲ ਸੁਣਾਵਾਂ।

ਇਸ ਦਰ ਜੇਹਾ ਕੋਈ ਨ ਦਿੱਸੇ,
ਕਿਤੇ ਹੋਰ ਨ ਇਹ ਮਨ ਵਿੱਸੇ,
ਦਰ-ਦਰ ਮੈਂ ਕਿਉਂ ਧੱਕੇ ਖਾਵਾਂ...
ਕਿਸ ਨੂੰ ਦਿਲ ਦਾ ਹਾਲ ਸੁਣਾਵਾਂ।

ਇਸ ਦਰ ਵੇਖੀ ਮੌਜ ਬੜੀ ਏ,
ਸੁਮਰਿਧੀਆਂ ਦੀ ਕਾਂਗਰ ਚੜ੍ਹੀ ਏ,
ਕਿਉਂ ਨ ਇਸ ਦਰ ਮੌਜ ਉਡਾਵਾਂ...
ਕਿਸ ਨੂੰ ਦਿਲ ਦਾ ਹਾਲ ਸੁਣਾਵਾਂ।

ਪਿਆਰ ਦੀ ਓਥੇ ਨੈਂ ਵਗਦੀ ਏ,
ਨਫ਼ਰਤ ਪੂਛ ਦਬਾ ਭੱਜਦੀ ਏ,
ਨਹੀਂ ਇਤਬਾਰ ਤਾਂ ਆਓ ਵਿਖਾਵਾਂ...
ਕਿਸ ਨੂੰ ਦਿਲ ਦਾ ਹਾਲ ਸੁਣਾਵਾਂ।

ਸਵਰਗ ਤੋਂ ਘੱਟ ਨਹੀਂ ਇਹ ਥਾਂ ਏ,
ਭੈਣੀ ਸਾਹਬਿ ਹੀ ਉਸ ਦਾ ਨਾਂ ਏ,
ਜੀਂਦੇ ਜੀਅ ਹੀ ਸਵਰਗ ਹੰਢਾਵਾਂ...
ਕਿਸ ਨੂੰ ਦਿਲ ਦਾ ਹਾਲ ਸੁਣਾਵਾਂ।

ਚੱਲ ਮਨਾਂ ਅੱਜ ਉੱਥੇ ਚੱਲੀਏ,
ਹੋਰ ਪਾਸਿਓਂ ਮਨ-ਚਿੱਤ ਠੱਲ੍ਹੀਏ,
ਕਰ ਲਈਏ ਬਿਰਤੀ ਨੂੰ ਸਾਵਾਂ...
ਕਿਸ ਨੂੰ ਦਿਲ ਦਾ ਹਾਲ ਸੁਣਾਵਾਂ।



Sri Satguru Jagjit Singh Ji Elibrary NamdhariElibrary@gmail.com

ਉੱਥੇ ਗਿਆਂ ਗ਼ਮ ਫਿਕਰ ਨਾ ਰਹਿੰਦਾ,
ਧਰਮ ਰਾਜ ਵੀ ਕੁਝ ਨਾ ਕਹਿੰਦਾ,
ਅਠ ਸਠ ਤੀਰਥਾਂ ਦਾ ਫਲ ਖਾਵਾਂ...
ਕਿਸ ਨੂੰ ਦਿਲ ਦਾ ਹਾਲ ਸੁਣਾਵਾਂ।

'ਸਿੰਘ ਅਮਰੀਕ' ਨੂੰ ਵੀ ਸਮਝਾਓ,
ਸ਼ਹੁ ਵਿੱਚ ਬੇੜੇ ਕੰਢੇ ਲਾਓ,
ਦੱਸੋ ਇਸਨੂੰ ਇਹ ਸਿਰਨਾਵਾਂ...
ਕਿਸ ਨੂੰ ਦਿਲ ਦਾ ਹਾਲ ਸੁਣਾਵਾਂ।

***



Sri Satguru Jagjit Singh Ji Elibrary NamdhariElibrary@gmail.com

## ਹਰਦਮ ਵੱਸਦੇ ਹੀ ਰਹਿਣਾ

ਮੇਰੇ ਮਨ ਮੰਦਰ ਵਿਚ ਪ੍ਰੀਤਮ ਹਰਦਮ ਵੱਸਦੇ ਹੀ ਰਹਿਣਾ,
ਔਝੜ ਪੈ ਕੇ ਨ ਮਰ ਜਾਵਾਂ ਰਾਹਾਂ ਦੱਸਦੇ ਹੀ ਰਹਿਣਾ।

ਥਾਂ-ਥਾਂ ਈਰਖਾ ਦੀ ਅੱਗ ਬਲ਼ਦੀ, ਬਾਝ ਤੁਸਾਂ ਨਹੀਂ ਜੇ ਟਲ਼ਦੀ,
ਉੱਚੀ ਲਾਟ ਹੈ ਸਗੋਂ ਨਿੱਕਲਦੀ, ਏਸ ਨੂੰ ਗ੍ਰਸਦੇ ਹੀ ਰਹਿਣਾ।

ਵੈਰ ਵਿਰੋਧਾਂ ਪਾਈਆਂ ਰੌਕਾਂ, ਦੱਸੋ ਕਿਸ-ਕਿਸ ਨੂੰ ਮੈਂ ਟੋਕਾਂ,
ਲੱਗੀਆਂ ਲਹੂ ਪੀਣੀਆਂ ਜੋਕਾਂ, ਇਹਨਾਂ ਨੂੰ ਖਸਦੇ ਹੀ ਰਹਿਣਾ।

ਦੁਨੀਆਂ ਪੰਜਾਂ ਦੇ ਵੱਸ ਹੋਈ, ਬਾਝ ਤੁਸਾਂ ਨਾ ਮਿਲਣੀ ਢੋਈ,
ਕਰਦੇ ਰਹੋ ਤੁਸੀਂ ਦਿਲਜੋਈ, ਰਾਖੇ ਸਭ ਦੇ ਬਣ ਹੀ ਰਹਿਣਾ।

ਤੁਸੀਂ ਤਾਂ ਕਰਦੇ ਬਹੁਤ ਹੋ ਹੀਲਾ, ਆਖੋ ਬਚੋ ਬਚਾਓ ਕਬੀਲਾ,
ਭਾਵੇਂ ਜਗਤ ਹੈ ਬੜਾ ਹਠੀਲਾ, ਵਾਗਾਂ ਕੱਸਦੇ ਹੀ ਰਹਿਣਾ।

ਅਸੀਂ ਤਾਂ ਸਦਾ ਹਾਂ ਭੁੱਲਣਹਾਰੇ, ਐਪਰ ਆਪ ਹੋ ਬਖਸ਼ਣਹਾਰੇ,
ਤੁਸਾਂ ਨੇ ਡੁੱਬਦੇ ਪੱਥਰ ਤਾਰੇ, ਘਟਾ ਬਣ ਵੱਸਦੇ ਹੀ ਰਹਿਣਾ।

ਹੈ ਮੰਝਧਾਰੀਂ ਫਸਿਆ ਬੇੜਾ, ਤੁਸਾਂ ਬਿਨ ਪਾਰ ਲਗਾਵੇ ਕਿਹੜਾ,
ਕਰਦਾ ਨਹੀਂ 'ਅਮਰੀਕ' ਬਖੇੜਾ, ਸੱਚ ਸਮਝਦੇ ਹੀ ਰਹਿਣਾ।
***



Sri Satguru Jagjit Singh Ji Elibrary NamdhariElibrary@gmail.com

## ਦਰਸ਼ਨ ਤੁਸਾਂ ਦਾ ਕਰਿਆਂ

ਦਰਸ਼ਨ ਤੁਸਾਂ ਦਾ ਕਰਿਆਂ ਝੜ ਗਏ ਨੇ ਪਾਪ ਮੇਰੇ,
ਡਰ ਧਰਮਰਾਜ ਦਾ ਨਹੀਂ ਪਾਣੇ ਜਮਾਂ ਨ ਫੇਰੇ।

ਐਸਾ ਸੁਭਾਗ ਬਣਿਆ ਤੁਸੀਂ ਮਿਲ ਪਏ ਅਚਾਨਕ,
ਗਦ-ਗਦ ਮੈਂ ਹੋ ਗਿਆ ਹਾਂ ਮਸਤੀ ਨੇ ਲਾਏ ਡੇਰੇ।

ਤੱਕਿਆ ਜਾਂ ਮਿਹਰ ਨਜ਼ਰੇ ਕਾਇਆ ਪਲਟ ਗਈ ਏ,
ਕੰਚਨ ਭਇਆ ਮਨੂਰੋਂ ਦੁੱਖ ਹੋ ਗਏ ਪਰੇਰੇ।

ਬਾਹਾਂ 'ਚ ਘੁੱਟ ਲਿਆ ਤਾਂ ਜੀਂਦੇ ਜੀ ਮੁਕਤ ਹੋਇਆ,
ਚਰਨਾਂ 'ਚ ਝੁਕਿਆਂ ਹੋਏ ਮੇਰੇ ਭਾਗ ਸਦ ਉਚੇਰੇ।

ਮੈਂ ਹੋਰ ਮੰਗ ਕੀ ਮੰਗਾਂ ਹਰ ਮੰਗ ਹੋਈ ਏ ਪੂਰੀ,
ਹਰ ਸੁਖ ਨੇ ਮੇਰੇ ਵੇਖੋ ਸਾਰੇ ਹੀ ਪਖ ਨੇ ਘੇਰੇ।

ਸੁਰਗਾਂ ਦੀ ਭਾਲ ਵਿਚ ਹੀ ਫਿਰਦੇ ਨੇ ਲੋਕ ਸਾਰੇ,
ਆਓ ਵਿਖਾਵਾਂ ਇਸ ਦਰ ਸੁਰਗਾਂ ਤੋਂ ਸੁਖ ਵਧੇਰੇ।

'ਅਮਰੀਕ ਸਿੰਘ' ਦੇ ਸੁਪਨੇ ਸਾਰੇ ਸਾਕਾਰ ਹੋਏ,
ਮੁੱਕੀ ਏ ਰਾਤ ਕਾਲੀ ਹੋਏ ਨੇ ਸਦਾ ਸਵੇਰੇ।



Sri Satguru Jagjit Singh Ji Elibrary NamdhariElibrary@gmail.com

# ਤਰਸਦੈ ਜ਼ਮਾਨਾ

ਪਵਿੱਤਰ ਦਰਸ ਨੂੰ ਤਰਸਦੈ ਜ਼ਮਾਨਾ।
ਉਹ ਵਡਭਾਗੀ ਜਿਸ ਨੂੰ ਤੁਸਾਂ ਮੁੱਖ ਵਿਖਾਣਾ।

ਨਿਰਾਸ਼ਾ ਏ ਸਾਗਰ 'ਚ ਜੋ ਡੁੱਬ ਰਹੇ ਨੇ,
ਤੁਸਾਂ ਬਾਹੋਂ ਫੜ੍ਹ ਕੇ ਕਿਨਾਰੇ ਲਗਾਣਾ।

ਹਨ੍ਹੇਰਾ ਦੇ ਅਗਿਆਨ ਦਾ ਅੱਜ ਪਸਰਿਆ,
ਹੋ ਚਾਨਣ ਮੁਨਾਰੇ ਤੁਸਾਂ ਹੀ ਹਟਾਣਾ।

ਨਫ਼ਰਤਾਂ ਦਾ ਤੂਫ਼ਾਨ ਝੁੱਲਿਆ ਚੁਫੇਰੇ,
ਤੁਸਾਂ ਸ਼ਾਂਤ ਕਰ ਹੈ ਸਭ ਨੂੰ ਬਚਾਣਾ।

ਬੜੀ ਔੜ ਲੱਗੀ ਹੋਈ ਪ੍ਰੀਤ ਬਿਨ ਹੈ,
ਘਟਾ ਬਣ ਪਿਆਰਾਂ ਦੀ ਬਾਰਸ਼ ਵਰ੍ਹਾਣਾ।

ਕਲੇਸ਼ਾਂ ਤੇ ਕਪਟਾਂ ਦਾ ਭਾਂਬੜ ਹੈ ਦੁਨੀਆ,
ਤੁਸਾਂ ਮਿਹਰ ਕਰਕੇ ਹੈ ਇਸ ਨੂੰ ਬੁਝਾਣਾ।

'ਅਮਰੀਕ ਸਿੰਘ' ਵਰਗੇ ਲੱਖਾਂ ਨੇ ਫਿਰਦੇ,
ਤੁਸਾਂ ਜਿਨ੍ਹਾਂ ਨੂੰ ਸਿੱਧੇ ਰਸਤੇ ਚਲਾਣਾ।
***



Sri Satguru Jagjit Singh Ji Elibrary NamdhariElibrary@gmail.com

## ਜਨਮ ਸਵਾਰ ਦਿੱਤਾ

ਦਰਸ਼ਨ ਦੇ ਕੇ ਅਚਨ ਅਚੇਤੀ ਮੇਰਾ ਜਨਮ ਸਵਾਰ ਦਿੱਤਾ,
ਡੁੱਬਦੇ ਹੋਏ ਨੂੰ ਬਾਹੋਂ ਫੜਕੇ ਭੌਜਲੋਂ ਪਾਰ ਉਤਾਰ ਦਿੱਤਾ।

ਪੂਰੇ ਗੁਰਾਂ ਨੇ ਕਿਰਪਾ ਕੀਤੀ ਸਾਰੀ ਦੁਰਮਤ ਹੈ ਹਰ ਲੀਤੀ,
ਉੱਡ ਗਈ ਏ ਬੇ ਪਰਤੀਤੀ ਤਪਦਾ ਹਿਰਦਾ ਠਾਰ ਦਿੱਤਾ।

ਤੁਸਾਂ ਦੀ ਮਿਹਰ ਨਜ਼ਰ ਜਾਂ ਹੋਈ, ਰਿਹਾ ਨ ਰੋਗ-ਸੋਗ ਹੈ ਕੋਈ,
ਮਨ ਦੀ ਮੈਲ ਅਜੇਹੀ ਧੋਈ ਕੁੰਗੂ ਵਾਂਗ ਨਿਖਾਰ ਦਿੱਤਾ।

ਪੱਲਾ ਤੁਸਾਂ ਦਾ ਜਦ ਦਾ ਫੜਿਆ, ਮੈਨੂੰ ਨਸ਼ਾ ਅਗੰਮੀ ਚੜ੍ਹਿਆ,
ਕੋਈ ਮਸਲਾ ਰਿਹਾ ਨ ਅੜਿਆ, ਐਸਾ ਦਿਲੀ ਪਿਆਰ ਦਿੱਤਾ।

ਜਦ ਮੈਂ ਚਰਨ ਆਪ ਦੇ ਛੋਹੇ, ਸਾਰੇ ਅੰਗ ਅਜਿਹੇ ਸੋਹੇ,
ਪਾਰਸ ਕੰਚਨ ਹੋਏ ਲੋਹੇ ਸਪਨਾ ਕਰ ਸਾਕਾਰ ਦਿੱਤਾ।

ਜੀਵਨ ਸਫ਼ਲ ਮੇਰਾ ਅੱਜ ਹੋਇਆ, ਪੱਧਰਾ ਟਿੱਬਾ ਟੋਇਆ ਹੋਇਆ,
ਮੇਰਾ ਬੰਕ ਦੁਆਰਾ ਛੋਹਿਆ, ਐਸਾ ਕਰ ਸ਼ਿੰਗਾਰ ਦਿੱਤਾ।

ਹੋਈਆਂ ਪੂਰੀਆਂ ਸੱਭੇ ਮੁਰਾਦਾਂ, ਛੱਡਿਆ ਖਹਿੜਾ ਵਾਦ-ਵਿਵਾਦਾਂ,
ਭੁੱਲੀਆਂ ਬੁਰੇ ਦਿਨਾਂ ਦੀਆਂ ਯਾਦਾਂ, ਤਨ ਮਨ ਨਵਾਂ ਉਸਾਰ ਦਿੱਤਾ।

***



Sri Satguru Jagjit Singh Ji Elibrary NamdhariElibrary@gmail.com

## ਸਭ ਦੁੱਖਾਂ ਦਾ ਦਾਰੂ ਏ

ਦਰਸ ਤੁਹਾਡਾ ਸਭ ਦੁੱਖਾਂ ਦਾ ਦਾਰੂ ਏ।
ਬਚਨ ਤੁਹਾਡਾ ਹਰ ਸੰਕਟ 'ਤੇ ਭਾਰੂ ਏ।

ਚਰਨ ਤੁਹਾਡੇ ਸੁੱਤੇ ਭਾਗ ਜਗਾਂਦੇ ਨੇ,
ਉੱਜੜੇ ਹੋਏ ਘਰਾਂ ਨੂੰ ਫੇਰ ਵਸਾਂਦੇ ਨੇ।

ਜਿਸ ਬੰਦੇ 'ਤੇ ਨਜ਼ਰ ਸਵੱਲੀ ਹੋ ਜਾਵੇ,
ਜੀਵਨ ਭਰ ਨ ਕਸ਼ਟ ਕੋਈ ਪੋਹ ਜਾਵੇ।

ਕਰ ਕਮਲਾਂ ਦੀਆਂ ਛਾਵਾਂ ਜਿਸ 'ਤੇ ਕਰ ਦੇਵੋ,
ਬਿਲ ਕੁਲ ਖਾਲੀ ਭਾਂਡੇ ਨੱਕੋ ਨੱਕ ਭਰ ਦੇਵੋ।

ਤੁਸਾਂ ਦੇ ਦਰ ਤੋਂ ਰੱਬ ਵੀ ਬਖਸ਼ਿਸ਼ ਮੰਗਦਾ ਏ,
ਪੁੱਛ ਕੇ ਆਪ ਤੋਂ ਆਪਣੇ ਰੰਗ ਵਿਚ ਰੰਗਦਾ ਏ।

ਪੱਖ ਤੁਸੀਂ ਜਿਸ ਬੰਦੇ ਦਾ ਵੀ ਪੂਰ ਦਿਓ,
ਕਰ ਉਸ ਬੰਦੇ ਦਾ ਦੂਰ ਫ਼ਤੂਰ ਦਿਓ।

ਰੁਲ਼ਦਾ ਖੁਲ਼ਦਾ ਕੋਈ ਜੇ ਸਰਨੀ ਆਣ ਪਵੇ,
ਕਮੀ ਰਹੇ ਨਾ ਕੋਈ ਵਧਦੀ ਸ਼ਾਨ ਰਵ੍ਹੇ।

ਤੁਸਾਂ ਤਾਂ 'ਅਮਰੀਕ' ਨੂੰ ਵੀ ਲੜ ਲਾਇਆ ਏ,
ਸਭੀ ਹਨ੍ਹੇਰੇ ਪੱਖਾਂ ਨੂੰ ਰੁਸ਼ਨਾਇਆ ਏ।
***



Sri Satguru Jagjit Singh Ji Elibrary NamdhariElibrary@gmail.com

## ਗੁਰ ਦਰਸ਼ਨ ਦੁਰਲੱਭ ਹੈ

ਗੁਰ ਦਰਸ਼ਨ ਦੁਰਲੱਭ ਹੈ,
ਪਰ ਹੁੰਦਾ ਨਾਲ ਸਬੱਬ ਹੈ।

ਸਿਕ ਜੇ ਹੋਵੇ ਅੰਦਰ ਦੀ,
ਤਾਂ ਹੁੰਦਾ ਦਰਸ਼ਨ ਝੱਬ ਹੈ।

ਧੁਰੋਂ ਜੇ ਹੋਵੇ ਲਿਖਿਆ,
ਦਾਤ ਇਹ ਅਤੀ ਸੁਲੱਭ ਹੈ।

ਅਚਨ ਅਚੇਤੀ ਜੇ ਮਿਲੇ,
ਮਿਹਰਬਾਨ ਫਿਰ ਰੱਬ ਹੈ।

ਸਾਰੀ ਦੁਨੀਆ ਤਰਸਦੀ,
ਮਿਲੇ ਜੇ ਸਹੀ ਕਰਤੱਬ ਹੈ।

ਮਨ ਵਿਚ ਜਿਸ ਦੇ ਖੋਟ ਏ,
ਕਦੇ ਨਾ ਸਕਦਾ ਫੱਬ ਹੈ।

ਮਿਲੇਗਾ 'ਸਿੰਘ ਅਮਰੀਕ' ਨੂੰ,
ਠੀਕ ਜੇ ਇਸ ਦਾ ਢੱਬ ਹੈ।

***



Sri Satguru Jagjit Singh Ji Elibrary NamdhariElibrary@gmail.com

## ਹੋਏ ਹੋ ਆਪ ਦਿਆਲ

ਧੰਨ ਭਾਗ ਅੱਜ ਸਾਡੇ ਉੱਤੇ ਹੋਏ ਹੋ ਆਪ ਦਿਆਲ,
ਦਰਸ਼ਨ ਕਰ ਕੇ ਹੋ ਗਏ ਅਸੀਂ ਨਿਹਾਲ ਨਿਹਾਲ।

ਕਿਰਪਾ ਕਰਕੇ ਤੁਸਾਂ ਜਦ ਨਜ਼ਰ ਮਿਲਾਈ ਨਾਲ,
ਮਿੱਤਰ ਮੁਗਧ ਅਸੀਂ ਹੋ ਗਏ ਭੁੱਲ ਗਏ ਸੁਰ ਤਾਲ।

ਕੈਸਾ ਕ੍ਰਿਸ਼ਮਾ ਹੋ ਗਿਆ ਐਸੀ ਹੋਈ ਕਮਾਲ,
ਦਰਸ਼ਨ ਦੀ ਇੱਕ ਝਲਕ ਨੇ ਕੀਤਾ ਏ ਖੁਸ਼ਹਾਲ।

ਚਿਹਰੇ 'ਤੇ ਕਿਹਾ ਨੂਰ ਹੈ ਕੈਸਾ ਹੁਸਨ ਜਲਾਲ,
ਐਸਾ ਕਿਤੇ ਨ ਵੇਖਿਆ ਫਿਰ ਆਕਾਸ਼ ਪਾਤਾਲ।

ਸਰਨ ਪਿਆਂ ਅੱਜ ਹੋ ਗਏ ਸਾਰੇ ਹੱਲ ਸਵਾਲ,
ਇੱਕ ਨਜ਼ਰ ਨੇ ਲਾਹ ਸੁੱਟੇ ਸਾਰੇ ਆਲ ਜੰਜਾਲ।

ਧਰਮ ਰਾਜ ਕੀ ਕਰੇਗਾ ਸਾਡੀ ਪੁੱਛ-ਪੜਤਾਲ
ਲੇਖੇ ਸਾਰੇ ਪਾਟ ਗਏ ਰਿਹਾ ਨ ਕੋਈ ਬਵਾਲ।

ਔਝੜ ਦੇ ਵਿਚ ਫਿਰਦਿਆਂ ਕਈ ਸੀ ਬੀਤੇ ਸਾਲ,
ਬਾਹੋਂ ਫੜ੍ਹ ਦੇ ਸਿਧਾ ਰਸਤਾ ਸਾਨੂੰ ਦਿੱਤਾ ਵਖਾਲ।

ਸ਼ੁਕਰ ਗੁਜ਼ਾਰ ਹੈ ਹੋ ਰਿਹਾ ਸਾਡਾ ਹਰ ਇੱਕ ਵਾਲ,
'ਸਿੰਘ ਅਮਰੀਕ' ਦੀ ਸੁਧਰ ਗਈ ਟੇਢੀ ਸੀ ਜੋ ਚਾਲ।
***



Sri Satguru Jagjit Singh Ji Elibrary NamdhariElibrary@gmail.com

## ਸੌਰ ਜਾਂਦਾ ਹਰ ਕਾਮ ਹੈ

ਜਿਹੜਾ ਨਾਮ ਲਿਆਂ ਸੌਰ ਜਾਂਦਾ ਹਰ ਕਾਮ ਏ।
ਗੁਰੂ ਉਦੇ ਸਿੰਘ ਜੀ ਨੂੰ ਸਦਾ ਪਰਣਾਮ ਏ।

ਜ਼ਿੰਦਗੀ 'ਚ ਉਹਨੂੰ ਕਦੇ ਆਉਂਦੀ ਨਹੀਂ ਹਾਰ ਏ,
ਇੱਕ ਵਾਰ ਕੀਤਾ ਜਿਸ ਉਨ੍ਹਾਂ ਦਾ ਦੀਦਾਰ ਏ,
ਚੰਗਾ ਏ ਆਗਾਜ਼ ਅਤੇ ਵਧੀਆ ਅੰਜ਼ਾਮ ਏ...

ਰੱਬੀ ਨੂਰ ਚਿਹਰੇ ਉੱਤੇ ਹਰ ਵੇਲੇ ਵੱਸਦਾ,
ਕੀਤਿਆਂ ਦੀਦਾਰ ਹੈ ਵਿਕਾਰ ਦੂਰ ਨੱਸਦਾ,
ਇਹੀ ਸ੍ਰੀ ਕ੍ਰਿਸ਼ਨ ਤੇ ਏਹੀ ਸ੍ਰੀ ਰਾਮ ਏ...

ਹੋਵਣ ਦਿਆਲ ਵੱਸ ਪੈਂਦੀਆਂ ਨੇ ਰਹਿਮਤਾਂ,
ਉਹਨਾਂ ਪਿੱਛੇ ਲੁਕੀਆਂ ਨੇ ਸਾਰੀਆਂ ਹੀ ਬਰਕਤਾਂ,
ਦਾਸ ਬਣ ਜਾਂਦਾ ਹਰ ਸੁਖ ਤੇ ਆਰਾਮ ਏ...

ਨਹੀਂ ਚਾਹੁੰਦੇ ਦੁਖੀ ਕੋਈ ਹੋਵੇ ਸੰਸਾਰ 'ਤੇ,
ਇਹਨਾਂ ਨੇ ਤਾਂ ਦੁੱਖ ਸਾਰੇ ਦਿਲ 'ਚੋਂ ਬੁਹਾਰ 'ਤੇ,
ਸਮਝਿਆ ਪਿਆਰਾ ਉਨ੍ਹਾਂ ਹਰ ਖਾਸ ਆਮ ਏ...

ਕਿਸੇ ਦੇ ਵਿਰੋਧੀ ਨਹੀਂ ਸਾਰਿਆਂ ਦੇ ਸਾਂਝੇ ਨੇ,
ਬਖ਼ਸ਼ਿਸ਼ਾਂ ਤੋਂ ਰੱਖਦੇ ਨ ਕਿਸੇ ਨੂੰ ਵੀ ਵਾਂਝੇ ਨੇ,
ਲਿਆ 'ਅਮਰੀਕ ਸਿੰਘ' ਤਾਈਂ ਉਹਨਾਂ ਥਾਮ ਏ...

ਹੋਰ ਕਿਸੇ ਤੀਰਥ 'ਤੇ ਜਾਣ ਦੀ ਕੀ ਲੋੜ ਏ,
ਸ੍ਰੀ ਭੈਣੀ ਸਾਹਿਬ ਆਓ ਰਹਿੰਦੀ ਨਹੀਂ ਥੋੜ ਏ,
ਸਾਰਿਆਂ ਤੋਂ ਵੱਡਾ ਏਹ ਹੀ ਤੀਰਥ ਜਾਂ ਧਾਮ ਏ...
ਗੁਰੂ ਉਦੇ ਸਿੰਘ ਜੀ ਨੂੰ ਸਦਾ ਪਰਣਾਮ ਏ।

***



Sri Satguru Jagjit Singh Ji Elibrary NamdhariElibrary@gmail.com

## ਜੋ ਦਰਸ਼ਨ ਕਰੀਏ

ਹੋ ਨਿਰਮਾਨ ਜੋ ਦਰਸ਼ਨ ਕਰੀਏ,
ਡੁੱਬਦੇ ਡੁੱਬਦੇ ਭਵਜਲ ਤਰੀਏ।

ਸਾਹਿਬ ਦੇ ਲੜ ਜੋ ਲੱਗੇ ਹਾਂ,
ਹੋਰ ਹਾਜ਼ਰੀ ਕਿਤੇ ਨ ਭਰੀਏ।

ਨਿਯਤ ਰਾਸ ਜੋ ਹੋਵੇ ਆਪਣੀ,
ਜਮ ਜੰਜਾਲੋਂ ਕਿਉਂ ਫਿਰ ਡਰੀਏ

ਚਮਕਦੀ ਹਰ ਸ਼ੈ ਨਹੀਂ ਹੈ ਸੋਨਾ,
ਨਿਗ੍ਹਾ ਮੁਲੱਮੇ 'ਤੇ ਨ ਧਰੀਏ।

ਜੇ ਪਰਵਾਨ ਹੋਣੈ ਉਸ ਦਰ 'ਤੇ,
ਕਹਿਣ ਸਿਆਣੇ ਜੀਂਦੇ ਮਰੀਏ।

ਹਉਮੈ ਵੱਡਾ ਰੋਗ ਬੁਰਾ ਏ,
ਸਦਾ ਏਸ ਤੋਂ ਬਚੀਏ ਟਰੀਏ।

ਜਿਸਦੇ ਸੁਣਿਆਂ ਨਫ਼ਰਤ ਉਪਜੇ,
ਐਸਾ ਬੋਲ ਨ ਕਦੇ ਉਚਰੀਏ।

ਲੈ ਕੇ ਨਾਲ 'ਅਮਰੀਕ ਸਿੰਘ' ਨੂੰ,
ਨੀਵੀਂ ਸੋਚੋਂ ਆਓ ਉੱਭਰੀਏ।

***



Sri Satguru Jagjit Singh Ji Elibrary NamdhariElibrary@gmail.com

## ਦਰਸ਼ਨ ਦੀ ਆਸ

ਜਦੋਂ ਤੱਕ ਮੇਰੇ 'ਚ ਇੱਕ ਵੀ ਸੁਆਸ ਹੈ,
ਤਦੋਂ ਤੱਕ ਦਰਸ਼ਨ ਦੀ ਰਹਿਣੀ ਪੂਰੀ ਆਸ ਹੈ।

ਮੁੱਕ ਗਏ ਜਾਂ ਸੁਆਸ ਆ ਕੇ ਦੇਖਣਾ,
ਦਿਸਣੀ ਅੱਖੀਆਂ 'ਚ ਦਰਸ਼ਨ ਪਿਆਸ ਹੈ।

ਆਸ ਏਸੇ ਦੇ ਸਹਾਰੇ ਜੀ ਰਿਹੈ,
ਮਿਲ ਰਹੀ ਇਸ ਆਸ ਤੋਂ ਧਰਵਾਸ ਹੈ।

ਮਰਾਂਗਾ ਨਹੀਂ ਦਰਸ਼ਨਾਂ ਬਿਨ ਕਦੇ,
ਹੈ ਮੇਰਾ ਪੱਕਾ ਬੜਾ ਵਿਸ਼ਵਾਸ ਹੈ।

ਨਜ਼ਰ ਵਿਚ ਐਸੇ ਸਮਾਏ ਹੋ ਤੁਸੀਂ,
ਹੋਰ ਕੁਝ ਵੇਖਣ ਦੀ ਨਹੀਂ ਹੁਣ ਕਿਆਸ ਹੈ।

ਸੌਂਪਿਆ ਸਭ ਕੁਝ ਤੁਸਾਂ ਦੇ ਸਾਹਮਣੇ,
ਹੋਰ ਹੁਣ ਕੁਝ ਵੀ ਨ ਮੇਰੇ ਪਾਸ ਹੈ।

ਜੋ ਕਰਾਵੇ ਇੱਕ ਝਲਕ ਦੀਦਾਰ ਦੀ,
ਉਸ ਦਾ 'ਸਿੰਘ ਅਮਰੀਕ' ਦਾਸਨ ਦਾਸ ਹੈ।
***



Sri Satguru Jagjit Singh Ji Elibrary NamdhariElibrary@gmail.com

## ਦਰਸ਼ਨ ਕਰਨ ਹੈ ਜਾਣਾ

ਨ ਰੋਕੋ ਰੋਕਣ ਵਾਲਿਓ,
ਮੈਂ ਦਰਸ਼ਨ ਕਰਨ ਹੈ ਜਾਣਾ।
ਓਸ ਪਵਿੱਤਰ ਦੁਆਰ 'ਤੇ,
ਮੈਂ ਆਪਣਾ ਸੀਸ ਝੁਕਾਣਾ।

ਮਨ ਦੀ ਘੁੰਡੀ ਖੋਲ੍ਹ ਕੇ,
ਮੈਂ ਦਿਲ ਦਾ ਹਾਲ ਸੁਨਾਣਾ।
ਔਗੁਣ ਸਭ ਬਖ਼ਸ਼ਾਏ ਕੇ,
ਮਨ ਹੈ ਆਪਣਾ ਸ਼ਾਂਤ ਕਰਾਣਾ।

ਕੂੜਾ ਕਰਕਟ ਮਨ ਦੇ ਵਿਚੋਂ,
ਹੂੰਝ ਬਹੁਤ ਹੀ ਦੂਰ ਵਗਾਣਾ।
ਦੁਰਮਤ ਅਸਲੋਂ ਦੂਰ ਹੈ ਕਰਨੀ,
ਗੁਰਮਤ ਫਲ ਮਨ ਚਿੰਦਿਆ ਪਾਣਾ।

ਮਨ ਦੀ ਮੈਲ ਤਿਆਗ ਕੇ ਸਾਰੀ,
ਸੁਥਰਾਪਣ ਮੈਂ ਹੈ ਅਪਨਾਣਾ।
ਨੀਅਤ ਆਪਣੀ ਰਾਸ ਹੈ ਕਰਨੀ,
ਦੁਖ ਦਰਦ ਹੈ ਦੂਰ ਭਜਾਣਾ।

ਹੋਏ ਨਿਮਾਣਾ ਉਸੇ ਦਰ 'ਤੇ,
ਅਹੰਕਾਰ ਹੈ ਮਨੋ ਤਜਾਣਾ।
ਲੈ ਕੇ ਨਾਲ 'ਅਮਰੀਕ ਸਿੰਘ' ਨੂੰ,
ਸਵਰਗ ਦਾ ਬੂਹਾ ਹੈ ਖੜਕਾਣਾ।
***



Sri Satguru Jagjit Singh Ji Elibrary NamdhariElibrary@gmail.com

## ਬੜੀ ਦੂਰ ਤੋਂ

ਬੜੀ ਤੋਂ ਅੱਜ ਮੈਂ ਆਇਆਂ,
ਦੇਰ ਹੋਈ ਏ ਦਰਸ਼ਨ ਪਾਇਆਂ।

ਦਰਸ਼ਨ ਦੀ ਜੋ ਪਿਆਸ ਲੱਗੀ ਏ,
ਬੁਝਦੀ ਏ ਉਸ ਦਰ 'ਤੇ ਜਾਇਆਂ।

ਗੱਲਾਂ ਨਾਲ ਕਦੇ ਨਹੀਂ ਮੁੱਕਣੀ,
ਬੱਸ ਮੁੱਕਣੀ ਏ ਦਿਲੋਂ ਮੁਕਾਇਆਂ।

ਅੰਦਰ ਮੈਲ ਜੋ ਭਰੀ ਪਈ ਏ,
ਲਾਭ ਨਹੀਂ ਕੁਝ ਗੰਗਾ ਨ੍ਹਾਇਆਂ।

ਹਰ ਮੁਸ਼ਕਿਲ ਹੱਲ ਹੋ ਜਾਂਦੀ ਏ,
ਗੁਰ ਚਰਨਾਂ 'ਤੇ ਸੀਸ ਝੁਕਾਇਆਂ।

ਭਰ ਨਜ਼ਰਾਂ ਜੋ ਤੱਕ ਲੈਣ ਤਾਂ,
ਕਲਪ ਹੋ ਜਾਂਦੀ ਏ ਝੱਟ ਕਾਇਆਂ।

ਹੋਣਾ ਤ੍ਰਿਪਤ 'ਅਮਰੀਕ ਸਿੰਘ' ਨੇ,
ਡੇਰਾ ਭੈਣੀ ਸਾਹਿਬ ਲਾਇਆਂ।
***



Sri Satguru Jagjit Singh Ji Elibrary NamdhariElibrary@gmail.com

## ਰਹਿ ਨਹੀਂ ਸਕਣਾ

ਬਿਨ ਦਰਸ਼ਨ ਹੁਣ ਰਹਿ ਨਹੀਂ ਸਕਣਾ,
ਹੋਰ ਕਿਸੇ ਥਾਂ ਬਹਿ ਨਹੀਂ ਸਕਣਾ।

ਸਮਾਂ ਬੀਤਿਆ ਵਿੱਛੜਿਆਂ ਨੂੰ,
ਹੋਰ ਵਿਛੋੜਾ ਸਹਿ ਨਹੀਂ ਸਕਣਾ।

ਜਿਸ ਰੰਗ ਮੈਨੂੰ ਰੰਗ ਦਿੱਤਾ ਏ,
ਇਹ ਰੰਗ ਲਾਹਿ ਲਹਿ ਨਹੀਂ ਸਕਣਾ।

ਫੁੱਲਾਂ ਦੀ ਖੁਸ਼ਬੋਈ ਛੱਡ ਕੇ,
ਕੰਡਿਆਂ ਨਾਲ ਮੈਂ ਖਹਿ ਨਹੀਂ ਸਕਣਾ।

ਉਲਟੇ ਰਾਹੀਂ ਤੁਰੀ ਲੁਕਾਈ,
ਉਸ ਰਾਹੇ ਮੈਂ ਪੈ ਨਹੀਂ ਸਕਣਾ।

ਜਿਹੜੇ ਵਹਿਣੀਂ ਪਈ ਏ ਦੁਨੀਆ,
ਮੈਂ ਉਸ ਵਹਿਣੇ ਪੈ ਨਹੀਂ ਸਕਣਾ।

ਤੁਸੀਂ ਰੋਕੋ ਨਾ 'ਅਮਰੀਕ ਸਿੰਘ' ਨੂੰ,
ਬਿਨ ਦਰਸ਼ਨ ਉਸ ਰਹਿ ਨਹੀਂ ਸਕਣਾ।
***



Sri Satguru Jagjit Singh Ji Elibrary NamdhariElibrary@gmail.com

# ਹੋਇਆ ਹਾਂ ਢਹਿ ਢੇਰੀ

ਦਰ 'ਤੇ ਹੋਇਆ ਹਾਂ ਢਹਿ ਢੇਰੀ,
ਦਰਸ਼ਨ ਪਿਆਸ ਬੁਝਾਓ ਮੇਰੀ।

ਇਹ ਦਰ ਛੱਡ ਮੈਂ ਕਿਸ ਦਰ ਜਾਵਾਂ,
ਹਰ ਪਾਸੇ ਹੈ ਹੇਰਾ ਫੇਰੀ।

ਸੋਨੇ ਵਾਂਗੂੰ ਚਮਕ ਰਹੇ ਨੇ,
ਹੈਣ ਮੁਲੰਮੇ ਦੀ ਪਨਸੇਰੀ।

ਭੋਲੇ ਪੰਛੀ ਫਸ ਜਾਂਦੇ ਨੇ,
ਜਾਲ ਵਿਛਿਆ ਪਿਆ ਚੌਫੇਰੀ।

ਇਸ ਦਰ ਹੀ ਬੱਸ ਚਾਨਣ ਦਿਸਦਾ,
ਹਰ ਪਾਸੇ ਹੈ ਰਾਤ ਹਨ੍ਹੇਰੀ।

ਕਰੋ ਮਿਹਰ ਤੇ ਦਰਸ਼ਨ ਦੇਵੋ,
ਇੰਤਜ਼ਾਰ ਹੈ ਹੋਈ ਬਥੇਰੀ।

'ਸਿੰਘ ਅਮਰੀਕ' ਦੀ ਆਸ ਪੁਜਾਵੋ,
ਦੇ ਕੇ ਦਰਸ਼ਨ ਦਿਓ ਦਲੇਰੀ।

***



Sri Satguru Jagjit Singh Ji Elibrary NamdhariElibrary@gmail.com

## ਦਰਸ਼ਨ ਦਿਖਾਇਆ ਕਰੋ

ਛੇਤੀ ਛੇਤੀ ਆ ਦਰਸ਼ਨ ਦਿਖਾਇਆ ਕਰੋ,
ਇਤਨੀ ਦੇਰੀ ਨ ਪ੍ਰੀਤਮ ਜੀ ਲਾਇਆ ਕਰੋ।

ਪਾਣੀ ਬਿਨ ਇਹ ਜਿਵੇਂ ਖੇਤੀ ਸੁੱਕ ਜਾਂਦੀ ਏ,
ਮਨ ਦੀ ਖੇਤੀ ਨੂੰ ਵੀ ਨਾ ਸੁਕਾਇਆ ਕਰੋ।

ਵਾਂਗ ਬੱਚਿਆ ਦੇ ਓਦਰ ਅਸੀਂ ਜਾਂਦੇ ਹਾਂ,
ਆ ਕੇ ਉਦਰੇਵਾਂ ਸਾਡਾ ਮਿਟਾਇਆ ਕਰੋ।

ਸੁੰਨੀ ਮਹਿਫ਼ਲ ਹੋ ਜਾਂਦੀ ਏ ਤੁਸਾਂ ਦੇ ਬਿਨਾਂ,
ਏਸ ਮਹਿਫ਼ਲ 'ਚ ਰੰਗ ਵੀ ਜਮਾਇਆ ਕਰੋ।

ਦੀਨ ਦੁਨੀਆ ਦੇ ਰਾਖੇ ਤੁਸੀਂ ਹੀ ਤਾਂ ਹੋ,
ਫ਼ਰਜ਼ ਰਾਖੇ ਦਾ ਛੇਤੀ ਨਿਭਾਇਆ ਕਰੋ।

ਸੁਫ਼ਨਿਆਂ ਵਿਚ ਤਾਂ ਮਿਲਦੇ ਹੋ ਨਿੱਤ ਰਾਤ ਨੂੰ,
ਛੇਤੀ ਸਾਕਾਰ ਸੁਫ਼ਨੇ ਕਰਾਇਆ ਕਰੋ।

ਵਿਚ ਉਡੀਕਾਂ ਨ ਲੰਘ ਜਾਏ ਸਾਰੀ ਉਮਰ,
ਵਸਲ ਦਾ ਛੇਤੀ ਅੰਮ੍ਰਿਤ ਛਕਾਇਆ ਕਰੋ।

ਅਰਜ਼ ਹੱਥ ਜੋੜ ਕਰਦਾ ਏ 'ਅਮਰੀਕ ਸਿੰਘ',
ਵਾਸਤਾ ਜੇ ਨਾ ਇਤਨਾਂ ਸਤਾਇਆ ਕਰੋ।
▪▪▪



Sri Satguru Jagjit Singh Ji Elibrary NamdhariElibrary@gmail.com

## ਨਹੀਂ ਗੁਜ਼ਾਰਾ ਏ

ਬਿਨ ਦਰਸ਼ਨ ਨਹੀਂ ਗੁਜ਼ਾਰਾ ਏ, ਕਿਤੇ ਹੋਰ ਨਾ ਚਲਦਾ ਚਾਰਾ ਏ।
ਇਸ ਮਨ ਨੂੰ ਕਿੱਥੇ ਲਾ ਸਕੀਏ, ਕਿਸ ਦੁਆਰੇ ਸੀਸ ਝੁਕਾ ਸਕੀਏ।
ਇਸ ਦਰ ਨੂੰ ਕਿਵੇਂ ਭੁਲਾ ਸਕੀਏ, ਕਿਤੇ ਦੂਰ ਨ ਏਥੋਂ ਜਾ ਸਕੀਏ।
ਦਿਸਦਾ ਨ ਕੋਈ ਸਹਾਰਾ ਏ, ਮਨ ਤੁਸਾਂ ਦਾ ਹੀ ਮਤਵਾਰਾ ਏ...

ਕਈਆਂ ਨੇ ਮੰਜੀਆਂ ਡਾਹੀਆਂ ਨੇ, ਥਾਂ ਥਾਂ 'ਤੇ ਗੱਡੀਆਂ ਫਾਹੀਆਂ ਨੇ।
ਮੈਂ ਕਿਸੇ ਜਾਲ ਵਿਚ ਫਸਣਾ ਨਹੀਂ ਚਿੱਕੜ ਦੇ ਵਿੱਚ ਧੱਸਣਾ ਨਹੀਂ।
ਕੌਣ ਤੁਸਾਂ ਜਿਹਾ ਰਖਵਾਰਾ ਏ, ਚਾਨਣ ਦਾ ਉੱਚ ਮੁਨਾਰਾ ਏ...
ਦਿਸਦਾ ਨ ਕੋਈ ਸਹਾਰਾ ਏ, ਮਨ ਤੁਸਾਂ ਦਾ ਹੀ ਮਤਵਾਰਾ ਏ...

ਮੈਂ ਵੇਖ ਪਖੰਡ ਨੂੰ ਹੱਸਦਾ ਹਾਂ, ਅਤੇ ਸਭ ਨੂੰ ਏਹ ਗੱਲ ਦੱਸਦਾ ਹਾਂ।
ਉਹ ਉੱਲੂ ਜਗਤ ਬਣਾਂਦੇ ਨੇ, ਕਈ ਕ੍ਰਿਸ਼ਮੇ ਰੋਜ਼ ਵਖਾਂਦੇ ਨੇ।
ਇਹ ਝੂਠ ਦਾ ਨਿਰਾ ਪਸਾਰਾ ਏ, ਲੋਕੋ ਪਾਖੰਡ ਇਹ ਸਾਰਾ ਏ...
ਦਿਸਦਾ ਨ ਕੋਈ ਸਹਾਰਾ ਏ, ਮਨ ਤੁਸਾਂ ਦਾ ਹੀ ਮਤਵਾਰਾ ਏ...

ਆਓ ਇੱਕ ਦੁਆਰ ਵਿਖਾਵਾਂ ਮੈਂ, ਇੱਕ ਸਿੱਧੇ ਰਾਹੇ ਪਾਵਾਂ ਮੈਂ।
ਜਿੱਥੇ ਸੱਚਾ ਨਾਮ ਧਿਆਈਦਾ, ਰੱਬ ਨੂੰ ਸਿੱਧਾ ਮਿਲਵਾਈ ਦਾ।
ਉੱਥੇ ਪਿਆਰ ਦੀ ਵਗਦੀ ਧਾਰਾ ਏ, ਅਤੇ ਸਵਰਗ ਦਾ ਅਸਲ ਨਜ਼ਾਰਾ ਏ...
ਦਿਸਦਾ ਨ ਕੋਈ ਸਹਾਰਾ ਏ, ਮਨ ਤੁਸਾਂ ਦਾ ਹੀ ਮਤਵਾਰਾ ਏ...

'ਅਮਰੀਕ' ਨਸੀਬਾਂ ਵਾਲਾ ਏ, ਸਤਿਗੁਰ ਉਸ ਦਾ ਰਖਵਾਲਾ ਏ।
ਜਿਸ ਬਖ਼ਸ਼ਿਆ ਪ੍ਰੇਮ ਪਿਆਰ ਏ, ਕੀਤਾ ਚੌਫੇਰ ਉਜਾਲਾ ਏ।
ਇਹ ਸਭ ਪ੍ਰਤਾਪ ਤਿਹਾਰਾ ਏ ਤਾਂ ਹੀ ਉਸ ਸ਼ੁਕਰ ਗੁਜ਼ਾਰਾ ਏ...
ਦਿਸਦਾ ਨ ਕੋਈ ਸਹਾਰਾ ਏ, ਮਨ ਤੁਸਾਂ ਦਾ ਹੀ ਮਤਵਾਰਾ ਏ...
***



Sri Satguru Jagjit Singh Ji Elibrary NamdhariElibrary@gmail.com

## ਜਗਤ ਪਿਆਸਾ

ਦਰਸ਼ਨ ਦਾ ਹੈ ਜਗਤ ਪਿਆਸਾ।
ਪੂਰੀ ਕਰੋ ਸਭਨ ਦੀ ਆਸਾ।

ਅਜੇ ਤੀਕ ਮੈਂ ਨਹੀਂ ਵੇਖਿਆ,
ਮੁੜਿਆ ਜੋ ਇਸ ਦਰੋਂ ਨਿਰਾਸਾ।

ਓਹ ਹੀ ਤਾਂ ਜਦ ਭੀੜ ਪਵੇ ਤਾਂ,
ਹਰ ਬੰਦੇ ਦਾ ਥੁੱਲਦੇ ਪਾਸਾ।

ਮੱਤ ਦੇਵਣ ਹੰਕਾਰ ਕਰੋ ਨਾ,
ਜੀਵਨ ਪਾਣੀ ਵਿਚ ਪਤਾਸਾ।

ਇਸ ਬੂਹਿਓਂ ਹੀ ਮਿਲੇਗੀ ਹਰ ਸ਼ੈ,
ਕਿਉਂ ਹੁੰਦੇ ਓ ਤੋਲਾ ਮਾਸਾ।

ਅਤਿ ਗ਼ਮਗੀਨਾਂ ਕੋਲ ਬੈਠ ਕੇ,
ਪੂਰਾ ਦੇਂਦੇ ਰਹਿਣ ਦਿਲਾਸਾ।

ਮਿਹਰ ਨਜ਼ਰ ਜੇ ਹੋ ਜਾਵੇ ਤਾਂ,
ਭਰ ਦੇਂਦੇ ਨੇ ਖਾਲੀ ਕਾਸਾ।

ਕਿਰਪਾ ਹੋਈ 'ਸਿਘ ਅਮਰੀਕ' ਦਾ,
ਮੱਲੋ ਮੱਲੀ ਨਿਕਲਦਾ ਹਾਸਾ।

***



Sri Satguru Jagjit Singh Ji Elibrary NamdhariElibrary@gmail.com

## ਜੇ ਨੀਅਤ ਨੇਕ ਅਸਾਡੀ ਏ

ਜੇ ਨੀਅਤ ਨੇਕ ਅਸਾਡੀ ਏ।
ਗੁਰੂ ਰਹਿਣ ਨ ਦੇਵਣ ਫਾਡੀ ਏ।

ਉਹਦਾ ਆਉਣਾ-ਜਾਣਾ ਮੁੱਕ ਜਾਵੇ,
ਚਰਨਾਂ 'ਤੇ ਜੋ ਵੀ ਝੁਕ ਜਾਵੇ,
ਦੁੱਖ ਦਰਦ ਵੀ ਆਉਂਦਾ ਲੁਕ ਜਾਵੇ,
ਭਾਵੇਂ ਮਨ ਜ਼ਲ ਜ਼ਰਾ ਦੁਰਾਡੀ ਏ।

ਹਰ ਬੰਦੇ ਨੂੰ ਪਹਿਚਾਣਦੇ ਨੇ,
ਉਹਦੇ ਦਿਲ ਦੀ ਵੇਦਨ ਜਾਣਦੇ ਨੇ,
ਸਿਰ 'ਤੇ ਸੁਖ ਚਾਦਰ ਤਾਣਦੇ ਨੇ,
ਪੁੱਛ ਲੈਣ ਕੀ ਲੋੜ ਤੁਹਾਡੀ ਏ।

ਉਹ ਕਦੇ ਵਿਤਕਰਾ ਨਹੀਂ ਕਰਦੇ,
ਅਤੇ ਕਿਸੇ ਤੋਂ ਕਦੇ ਵੀ ਨਹੀਂ ਡਰਦੇ,
ਅਤੇ ਕਿਸੇ 'ਤੇ ਵਾਧਾ ਨਹੀਂ ਜਰਦੇ,
ਸਭਨਾਂ ਦੀ ਪੀੜ ਵੀ ਸਾਧੀ ਏ।

ਉਹ ਪਿਆਰ ਦਾ ਦਰਿਆ ਵਹਿੰਦੇ ਨੇ,
ਗਲਵੱਕੜੀ ਵਿਚ ਲੈ ਲੈਂਦੇ ਨੇ,
ਫਿਰ ਮਿੱਠੜੇ ਬਚਨ ਹੀ ਕਹਿੰਦੇ ਨੇ,
ਮਿਟ ਜਾਂਦੀ ਸਗਲ ਉਪਾਧੀ ਏ।

ਹਰ ਮਨ ਦੇ ਅੰਦਰ ਵੱਸਦੇ ਨੇ,
ਖੁਸ਼ ਵੇਖ ਅਸਾਨੂੰ ਹੱਸਦੇ ਨੇ,
ਜੀਵਨ ਚੰਗਾ ਵਧੀਆ ਦੱਸਦੇ ਨੇ,
ਕਿਆ ਫੱਬਦੀ ਪਈ ਸਮਾਧੀ ਏ।
***



Sri Satguru Jagjit Singh Ji Elibrary NamdhariElibrary@gmail.com

## ਦਿਨ ਦੋ ਚਾਰ

ਜੀਵਨ ਹੈ ਬੱਸ ਦਿਨ ਦੋ ਚਾਰ,
ਆਓ ਰੱਜ ਰੱਜ ਕਰੋ ਦੀਦਾਰ।

ਵਕਤ ਬੀਤਿਆ ਆਉਣਾ ਹੱਥ ਨਹੀਂ,
ਕਰ ਲੋ ਭਾਵੇਂ ਜਤਨ ਹਜ਼ਾਰ।

ਐਸੀ ਕਲਾ ਹੈ ਪਾਸ ਉਹਨਾਂ ਦੇ,
ਵਿਗੜੀ ਦੇਣ ਸੁਆਰ ਨੁਹਾਰ।

ਤਪਦਿਆਂ ਹਿਰਦਿਆਂ ਤਾਈ ਝਟਪਟ,
ਇੱਕ ਪਲ ਦੇ ਵਿਚ ਦੇਵਣ ਠਾਰ।

ਵਡ ਭਾਗੀ ਜੋ ਗੁਰ ਚਰਨਾਂ ਵਿੱਚ,
ਸਾਰੀ ਉਮਰਾਂ ਦੇਣ ਗੁਜ਼ਾਰ।

ਚੰਗੇ ਮਾੜੇ ਨੂੰ ਗਲ ਲਾਂਦੇ,
ਐਸਾ ਉੱਚਾ ਹੈ ਕਿਰਦਾਰ।

ਨਕਦੋ ਨਕਦ ਚੁਕਾਵਣ ਦਾਤਾਂ,
ਕਰਦੇ ਬਿਲਕੁਲ ਨਹੀਂ ਹੁਦਾਰ।

ਮਨ ਮੋਹਿਆ 'ਅਮਰੀਕ ਸਿੰਘ' ਦਾ,
ਮਿੱਠੜੀ ਐਸੀ ਹੈ ਗੁਫ਼ਤਾਰ।
***



Sri Satguru Jagjit Singh Ji Elibrary NamdhariElibrary@gmail.com

## ਦੁਆਰ ਤਿਹਾਰੇ

ਕਦੋਂ ਦੇ ਖੜ੍ਹੇ ਹਾਂ ਦੁਆਰ ਤਿਹਾਰੇ,
ਬੂਹਾ ਖੋਲ੍ਹੋ ਦਿਓ ਦੀਦਾਰੇ।

ਕਦ ਤੱਕ ਖੜ੍ਹੇ ਰਹਾਂਗੇ ਦੱਸੋ,
ਏਦਾਂ ਹੋਣੇ ਨਹੀਂ ਗੁਜ਼ਾਰੇ।

ਬਾਹਰ ਆਕੇ ਵੇਖੋ ਤਾਂ ਸਹੀ,
ਮੁਰਝਾਏ ਨੇ ਚਿਹਰੇ ਸਾਰੇ।

ਕੌਣ ਅਸਾਨੂੰ ਬਿਨਾਂ ਆਪ ਦੇ,
ਪੁਚਕਾਰੇ ਤੇ ਦਵੇ ਸਹਾਰੇ।

ਤਰਸਦੇ ਹੀ ਨ ਰਹੀਏ ਪ੍ਰੀਤਮ,
ਦੇਵੋ ਛੇਤੀ ਪ੍ਰੀਤ ਹੁਲਾਰੇ।

ਤੁਸਾਂ ਬਿਨਾਂ ਮਾਹੌਲ ਹੈ ਸੁੰਨਾ,
ਕੌਣ ਏਸ ਨੂੰ ਆਣ ਸੁਆਰੇ।

ਓਦਰਿਆ 'ਅਮਰੀਕ ਸਿੰਘ' ਹੈ,
ਬਾਹਰ ਖਲੋਤਾ 'ਵਾਜ਼ਾਂ ਮਾਰੇ।

***



Sri Satguru Jagjit Singh Ji Elibrary NamdhariElibrary@gmail.com

## ਕਿੰਜ ਉਸਤਤ ਕਰੀਏ

ਦਰਸ਼ਨ ਦੀ ਕਿੰਜ ਉਸਤਤ ਕਰੀਏ,
ਸ਼ਬਦ ਜੋੜ ਅਸੀਂ ਕਿਹੜੇ ਵਰੀਏ।

ਉਦਾਹਰਨ ਕੋਈ ਨਹੀਂ ਜੱਚਦੀ,
ਜੋ ਗੁਰਦਰਸ਼ਨ ਦੇ ਤੁੱਲ ਤਰੀਏ।

ਕਰੇ ਝਲਕ ਲੋਹੇ ਨੂੰ ਪਾਰਸ,
ਓਸ ਝਲਕ ਨੂੰ ਕੀਕਰ ਜਰੀਏ।

ਜਨਮ ਜਨਮ ਦੀ ਮੈਲ ਉੱਤਰਦੀ,
ਹੋ ਨਿਰਮਾਨ ਜੇ ਹਾਜ਼ਰੀ ਭਰੀਏ।

ਦਰਸ਼ਨ ਕਰਕੇ ਤਰ ਜਾਈਦਾ,
ਬਚਨ ਵੀ ਜੇਕਰ ਮਨ 'ਤੇ ਧਰੀਏ।

ਇਹ ਜੱਗ ਇੱਲਤਾਂ ਦਾ ਹੈ ਭਰਿਆ,
ਦਰਸ਼ਨ ਕਰੀਏ ਤਾਂ ਉੱਭਰੀਏ।

'ਸਿੰਘ ਅਮਰੀਕ' ਨੂੰ ਨਾਲ ਰਲਾਕੇ,
ਭਵਸਾਗਰ 'ਚੋਂ ਡੁੱਬਦੇ ਤਰੀਏ।

***



Sri Satguru Jagjit Singh Ji Elibrary NamdhariElibrary@gmail.com

## ਗੁਰ ਚਰਨੀ ਚਿੱਤ ਲਾਈਏ

ਜੇ ਗੁਰ ਚਰਨੀ ਚਿੱਤ ਲਾਈਏ।
ਤਾਂ ਮਨ ਚਿੰਦਿਆ ਫ਼ਲ ਪਾਈਏ।

ਉਹ ਕਸਰ ਨਾ ਛੱਡਦੇ ਕੋਈ,
ਜੇ ਅਤਿ ਨਿਰਮਾਨ ਹੋ ਜਾਈਏ।

ਚੁੱਕ ਲੈਂਦੇ ਜ਼ਿੰਮੇਵਾਰੀ,
ਜੇ ਆਪਣੀ ਬਾਂਹ ਫੜ੍ਹਾਈਏ।

ਰਾਹ ਵਿਚ ਨੇ ਸੌ ਸੌ ਰੋਕਾਂ,
ਨਾ ਧੋਖਾ ਕਿਤੇ ਵੀ ਖਾਈਏ।

ਹੱਥ ਜੋੜ ਖਲੋਤੇ ਰਹਿ ਕੇ,
ਸਭ ਔਗੁਣ ਮਾਫ਼ ਕਰਾਈਏ।

ਹੌਮੈ ਹੰਕਾਰ ਨੂੰ ਛੱਡ ਕੇ,
ਉਸ ਦਰ 'ਤੇ ਸੀਸ ਝੁਕਾਈਏ।

ਤਜ ਵੈਰ ਵਿਰੋਧ ਹੀ ਸਾਰੇ,
ਆਪਣਾ ਸਭ ਤਾਈਂ ਬਣਾਈਏ।

ਇਹ ਚਰਨ ਹੀ ਵਡ ਤੀਰਥ ਨੇ,
ਕਿਉਂ ਤੀਰਥੀਂ ਧੱਕੇ ਖਾਈਏ।

ਸ੍ਰੀ ਭੈਣੀ ਸਾਹਿਬ ਜੇ ਜਾਣੈ,
'ਅਮਰੀਕ' ਨੂੰ ਨਾਲ ਰਲਾਈਏ।

***



Sri Satguru Jagjit Singh Ji Elibrary NamdhariElibrary@gmail.com

# ਦਰਸ਼ਨ ਦੀ ਜਿਸ ਕਦਰ ਨ ਜਾਣੀ

ਦਰਸ਼ਨ ਦੀ ਜਿਸ ਕਦਰ ਨ ਜਾਣੀ।
ਉਹ ਕਾਹਦਾ ਹੈ ਗੁਣੀ ਗਿਆਨੀ।

ਵੇਦ ਪੁਰਾਣ ਕਿਤਾਬਾਂ ਪੜ੍ਹੀਆਂ,
ਅਮਲ ਨ ਕੀਤਾ ਹੋਈ ਗਿਲਾਨੀ।

ਸੁਚ ਸੰਜਮ ਦਾ ਬੜੇ ਧਾਰਨੀ,
ਅੰਦਰ ਵੱਸਦੀ ਬੇ-ਈਮਾਨੀ

ਗੁਰ ਕਿਰਪਾ ਹੋ ਜਾਵੇ ਜਿਸ 'ਤੇ,
ਉਸਦਾ ਦੱਸੋ ਕੌਣ ਹੈ ਸਾਨੀ।

ਸੁਆਸ ਸੁਆਸ ਨਾਂ ਸਿਮਰਨ ਕੀਤਾ,
ਵਾਧੂ ਗੱਲਾਂ ਖਾਕ ਹੀ ਛਾਨੀ।

ਜੋ ਸਤਿਗੁਰ ਤੋਂ ਬੇਮੁੱਖ ਹੋਇਆ,
ਪੈਂਦਾ ਕਿਤੇ ਨ ਮੁੱਲ ਦੁਆਨੀ।

ਜਿਸ ਨਹੀਂ ਸੇਵ ਕਮਾਈ ਹੱਥੀਂ,
ਨਿਹਫਲ ਉਸਦੀ ਗਈ ਜਵਾਨੀ।

ਦੱਸੀਏ ਰਲ 'ਅਮਰੀਕ ਸਿੰਘ' ਨੂੰ,
ਇਹ ਸੰਸਾਰ ਹੈ ਅਸਲੋਂ ਫਾਨੀ।

***



Sri Satguru Jagjit Singh Ji Elibrary NamdhariElibrary@gmail.com

## ਦਰਸ਼ਨ ਕਰਿਆਂ ਸੁੱਧ ਬੁੱਧ ਭੁੱਲੀ

ਦਰਸ਼ਨ ਕਰਿਆਂ ਸੁੱਧ ਬੁੱਧ ਭੁੱਲੀ, ਐਸਾ ਜਾਦੂ ਕੀਤਾ।
ਮਸਤੀ ਦੇ ਵਿਚ ਝੂਮ ਰਹੇ ਹਾਂ, ਹੋਏ ਹਾਂ ਪਤਿਤ ਪੁਨੀਤਾ।

ਚਰਨ ਛੋਹੇ ਤਾਂ ਅੰਗ ਅੰਗ 'ਚੋਂ, ਫੁੱਟ ਪਈਆਂ ਖੁਸ਼ਬੋਆਂ,
ਤਨ ਮਨ ਚਾਨਣ ਚਾਨਣ ਹੋਇਆ ਧੁਰ ਹਿਰਦੇ ਵਿਚ ਲੋਆਂ।

ਮਿਠੜੇ ਮਿਠੜੇ ਬਚਨ ਸੁਣੇ ਤਾਂ, ਰਸ ਰਸ ਸੀਨਾ ਹੋਇਆ,
ਬਾਹਾਂ ਵਿਚ ਘੁੱਟਿਆ ਤਾਂ ਸਭ ਨੇ, ਗੀਤ ਅਗੰਮੀ ਛੋਹਿਆ।

ਜਨਮ ਸੁਆਰ ਦਿੱਤਾ ਏ ਸਾਡਾ, ਅਸੀਂ ਹੋਰ ਹੋਰ ਅੱਜ ਹੋਏ,
ਸਤਿਗੁਰ ਸਾਨੂੰ ਬਖ਼ਸ਼ ਦਿੱਤੇ ਨੇ, ਸੁਖ ਸਮਰਿਧੀ ਢੋਏ।

ਕੋਈ ਬਿਗਾਨਾ ਦਿਸਦਾ ਨਹੀਂ, ਸਭ ਹੋਏ ਆਪਣੇ-ਆਪਣੇ,
ਸਭ ਚੰਗੇ ਨੇ ਕੋਈ ਨ ਮੰਦਾ, ਦੋਸ ਨੇ ਕਿਸ 'ਤੇ ਥੱਪਣੇ।

ਜੀਂਦੇ ਜੀ ਜੋ ਸਵਰਗ ਨੂੰ ਜਾਂਦੈ, ਉਹ ਰਾਹ ਤੁਸਾਂ ਵਿਖਾਇਆ,
ਇੰਜ ਲੱਗਦੈ ਅਸਾਂ ਜਨਮ ਮਰਨ ਤੋਂ, ਹੈ ਛੁਟਕਾਰਾ ਪਾਇਆ।

ਜੀਵਨ ਸੁਧਰ ਗਿਆ ਏ ਸਾਡਾ, ਜਿਉਂ ਚਸ਼ਮੇ ਦਾ ਪਾਣੀ,
ਨਾ ਮਿਲਦੇ ਤਾਂ ਉਮਰ ਅਸਾਡੀ, ਅਸਲੋਂ ਵਿਅਰਥ ਸੀ ਜਾਣੀ।

ਅਗਲੇ ਪਿਛਲੇ ਔਗੁਣ ਬਖ਼ਸ਼ੇ, ਪਾੜ ਦਿੱਤੇ ਨੇ ਲੇਖੇ,
ਧੰਨ ਭਾਗ 'ਅਮਰੀਕ ਸਿੰਘ' ਦੇ, ਕੀਤੇ ਦੂਰ ਭੁਲੇਖੇ।

ਵਾਲ ਵਾਲ ਅਹਿਸਾਨਮੰਦ ਹੈ, ਤੁਸਾਂ ਦਾ ਪ੍ਰੀਤਮ ਪਿਆਰੇ,
ਸਾਡੇ ਵਰਗੇ ਅਣਗਿਣਤਾਂ ਦੇ, ਤੁਸਾਂ ਨੇ ਜਨਮ ਸੁਆਰੇ।



Sri Satguru Jagjit Singh Ji Elibrary NamdhariElibrary@gmail.com

## ਦਰਸ਼ਨਾਂ ਨੂੰ ਤਰਸਦੈ ਸਾਰਾ ਜਹਾਂ

ਆਪ ਜੀ ਦੇ ਦਰਸ਼ਨਾਂ ਨੂੰ ਤਰਸਦੈ ਸਾਰਾ ਜਹਾਂ।
ਕੋਈ ਨਹੀਂ ਚਾਹੁੰਦਾ ਤੁਸਾਂ ਤੋਂ ਹੋਵਾਂ ਮੈਂ ਪਲ ਵੀ ਪਰਾਂ।

ਨੂਰ ਰੱਬੀ ਤੁਸਾਂ ਦੇ ਚਿਹਰੇ 'ਤੇ ਐਸਾ ਵੱਸ ਰਿਹੈ,
ਇੱਕ ਝਲਕ ਵੀ ਝੱਲੀ ਨ ਜਾਏ ਤਾਂ ਦੱਸੋ ਕੀ ਕਰਾਂ।

ਅੰਦਰੋਂ ਜੋ ਸਾਫ਼ ਹੈ ਤਾਂ ਦਰਸ਼ਨ ਦਾ ਲਾਭ ਹੈ,
ਏਸ ਦਰ ਆਇਐਂ ਤਾਂ ਹੋਜਾ ਸਾਫ਼ ਦਿਲ ਮੇਰੇ ਮਨਾਂ।

ਤਾਂਘ ਜਿਨ੍ਹਾਂ ਨੂੰ ਹੈ ਹੁੰਦੀ ਸੱਜਣਾਂ ਨੂੰ ਮਿਲਣ ਦੀ,
ਕੱਚਿਆਂ ਘੜਿਆਂ 'ਤੇ ਲੰਘ ਜਾਂਦੇ ਨੇ ਉਹ ਚੜ੍ਹਿਆ ਝਨਾਂ।

ਮਨ ਦੀ ਇੱਛਿਆ ਹੈ ਕਿ ਪਾਸੇ ਹੋਰ ਸਾਰੇ ਛੱਡ ਕੇ,
ਇਸ ਪਵਿੱਤਰ ਦੁਆਰ 'ਤੇ ਸਾਰੀ ਉਮਰ ਬੈਠਾਂ ਰਹਾਂ।

ਕਰਦਿਆਂ ਦਰਸ਼ਨ ਮੇਰਾ ਮਨ ਉੱਕਾ ਹੀ ਰੱਜਦਾ ਨਹੀਂ,
ਮਰ ਤਾਂ ਜਾਣੈ ਪਰ ਤੁਸਾਂ ਤੋਂ ਦੂਰ ਹੋ ਕੇ ਨਾ ਮਰਾਂ।

ਹਾਰਿਆ 'ਅਮਰੀਕ ਸਿੰਘ' ਇਸ ਦਰ 'ਤੇ ਜਦ ਦਾ ਆਣ ਕੇ,
ਚਾਹ ਰਿਹੈ ਮੈਂ ਹੋਰ ਬਿਲਕੁਲ ਹੀ ਕਿਸੇ ਤੋਂ ਨ ਹਰਾਂ।
***



Sri Satguru Jagjit Singh Ji Elibrary NamdhariElibrary@gmail.com

## ਦਰਸ਼ਨਾਂ ਦਾ ਮੁੱਲ ਕੋਈ

ਦਰਸ਼ਨਾਂ ਦਾ ਮੁੱਲ ਕੋਈ ਇਨਸਾਨ ਪਾ ਸਕਦਾ ਨਹੀਂ।
ਕਰ ਲਿਆ ਦੀਦਾਰ ਜਿਸ ਨੇ ਦੂਰ ਜਾ ਸਕਦਾ ਨਹੀਂ।

ਹੋ ਗਈ ਕਲਿਆਣ ਉਸ ਦੀ, ਚਰਨਾਂ ਵਿਚ ਜੋ ਢਹਿ ਪਿਆ,
ਹੋਰ ਪਾਸੇ ਧਿਆਨ ਆਪਣਾ ਉੱਕਾ ਲਾ ਸਕਦਾ ਨਹੀਂ।

ਦਿਲ ਦੀਆਂ ਗਹਿਰਾਈਆਂ ਵਿਚ ਉੱਤਰਦੀ ਨਜ਼ਰੇ ਕਰਮ,
ਮਨ 'ਚੋਂ ਇਸਦਾ ਅਸਰ ਕੋਈ ਵੀ ਮਿਟਾ ਸਕਦਾ ਨਹੀਂ।

ਉਹ ਸੁਭਾਗਾ ਹੈ ਕਿ ਜਿਸ ਨੇ ਓਟ ਪਾਈ ਆਪ ਦੀ,
ਜ਼ਿੰਦਗੀ ਵਿਚ ਉਹ ਕੋਈ ਵੀ ਘਾਟ ਖਾ ਸਕਦਾ ਨਹੀਂ।

ਪੀੜ੍ਹੀਆਂ ਤੋਂ ਜੋ ਗਰੀਬੀ ਸੀ ਕਦੋਂ ਹੰਢਾ ਰਿਹਾ,
ਸਰਨ ਆਇਆਂ ਕੋਈ ਵੀ ਤੰਗੀ ਹੰਢਾ ਸਕਦਾ ਨਹੀਂ।

ਜੇ ਖੁਨਾਮੀ ਹੋ ਗਈ ਹੋਵੇ ਕਿਸੇ ਇਨਸਾਨ ਤੋਂ,
ਬਖ਼ਸ਼ ਦੇਵਣ ਸਤਿਗੁਰੂ ਉਹ ਪਾ ਸਜ਼ਾ ਸਕਦਾ ਨਹੀਂ।

ਫਿਰ ਫਿਰਾ ਕੇ ਵੇਖਿਆ 'ਅਮਰੀਕ ਸਿੰਘ' ਨੇ ਹੈ ਬੜਾ,
ਅਤਿ ਨਿਰਾਸਾ ਆ ਕੇ ਏਥੇ ਆਸ ਢਾ ਸਕਦਾ ਨਹੀਂ।

***



Sri Satguru Jagjit Singh Ji Elibrary NamdhariElibrary@gmail.com

## ਗੁਰ ਦਰਸ਼ਨ ਅੱਜ ਮੈਂ ਪਾਇਆ ਏ

ਗੁਰ ਦਰਸ਼ਨ ਅੱਜ ਮੈਂ ਪਾਇਆ ਏ।
ਸਾਰਾ ਦੁੱਖ ਦਰਦ ਮਿਟਾਇਆ ਏ।

ਖਿੜ ਗਿਆ ਏ ਤਨ ਮਨ ਫੁੱਲ ਵਾਂਗੂੰ,
ਮੇਰਾ ਅੰਗ ਅੰਗ ਮਹਿਕਾਇਆ ਏ।

ਇਹ ਅੱਖੀਆਂ ਤੱਕ ਤੱਕ ਰੱਜੀਆਂ ਨਹੀਂ,
ਨ ਦਿਲ ਪੂਰਾ ਤ੍ਰਿਪਤਾਇਆ ਏ।

ਰੱਬ ਜਿਹੜੇ ਨੂੰ ਮੈਂ ਲੱਭਦਾ ਸਾਂ,
ਇਹਨਾਂ 'ਚੋਂ ਨਜ਼ਰੀਂ ਆਇਆ ਏ।

ਮੇਰਾ ਅਗਲਾ ਪਿਛਲਾ ਸਾਰਾ ਹੀ,
ਸਤਿਗੁਰਾਂ ਨੇ ਜਿੰਮਾ ਚਾਇਆ ਏ।

ਜੋ ਪੱਖ ਮੇਰਾ ਘਸਮੈਲਾ ਸੀ,
ਇਹਨਾਂ ਨੇ ਹੀ ਲਿਸ਼ਕਾਇਆ ਏ।

'ਅਮਰੀਕ ਸਿੰਘ' 'ਤੇ ਕਰ ਕਿਰਪਾ,
ਦੁੱਖ ਹਰ ਇੱਕ ਦੂਰ ਭਜਾਇਆ ਏ।
***



Sri Satguru Jagjit Singh Ji Elibrary NamdhariElibrary@gmail.com

## ਦਰਸ਼ਨ ਕਰਕੇ

ਦਰਸ਼ਨ ਕਰਕੇ ਪ੍ਰੀਤਮ ਪਿਆਰੇ ਆਪਣਾ ਜਨਮ ਸਵਾਰ ਲਿਆ।
ਤੁਸਾਂ ਦੇ ਚਰਨੀ ਸੀਸ ਝੁਕਾ ਕੇ, ਸਾਰਾ ਭਾਰ ਉਤਾਰ ਲਿਆ।

ਹੁਣ ਤੇ ਰਿਹਾ ਫ਼ਿਕਰ ਨ ਕੋਈ, ਜਦ ਦੀ ਮਿਲੀ ਤੁਸਾਂ ਦੀ ਢੋਈ,
ਜੀਂਦੇ ਜੀ ਅੱਜ ਮੁਕਤੀ ਹੋਈ, ਭਵਜਲ ਕਰ ਹੈ ਪਾਰ ਲਿਆ।

ਦੱਸੋ ਮੰਗ ਹੋਰ ਕੀ ਮੰਗਾਂ, ਮਨ ਦੀਆਂ ਖ਼ਤਮ ਹੋਈਆਂ ਨੇ ਜੰਗਾਂ,
ਪੂਰੀਆਂ ਹੋਈਆਂ ਸਭੀ ਉਮੰਗਾਂ, ਤਪਦਾ ਸੀਨਾ ਠਾਰ ਲਿਆ।

ਤੁਸਾਂ ਨੇ ਐਸੀ ਕਿਰਪਾ ਕੀਤੀ, ਦੁਰਮਤ ਸਾਰੀ ਹੈ ਹਰ ਲੀਤੀ,
ਕਾਇਆ ਹੋਈ ਨਵੀਂ ਨਵੀਨੀ, ਡੁੱਬਦਾ ਬੇੜਾ ਤਾਰ ਲਿਆ।

ਕਿੰਨੀ ਸਿਫ਼ਤ ਤੁਸਾਂ ਦੀ ਕਰੀਏ, ਪਰਬਤ ਕਿਵੇਂ ਤੋਲ ਕੇ ਧਰੀਏ,
ਐਵੇਂ ਖਪ ਖਪ ਕਾਹਨੂੰ ਮਰੀਏ, ਬੜਾ ਹੀ ਸੋਚ ਵਿਚਾਰ ਲਿਆ।

ਹੁਣ ਮੈਂ ਹੋਰ ਕਿਤੇ ਨਹੀਂ ਜਾਣਾ, ਮਿਲਿਆ ਮਸਾਂ ਹੈ ਅਸਲ ਟਿਕਾਣਾ,
ਨਹੀਂ ਮੈਂ ਕਦੇ ਵੀ ਧੋਖਾ ਖਾਣਾ, ਪੂਰਾ ਮੋਰਚਾ ਮਾਰ ਲਿਆ।

ਬੈਠਾ 'ਸਿੰਘ ਅਮਰੀਕ' ਦੁਆਰੇ, ਜੋੜੇ ਦੋਵੇਂ ਹੀ ਹੱਥ ਵਿਚਾਰੇ,
ਕਹਿੰਦਾ ਰੱਖੋ ਲਾਜ ਪਿਆਰੇ, ਮਸਾਂ ਇਹ ਭਾਲ ਦੁਆਰ ਲਿਆ।
***



Sri Satguru Jagjit Singh Ji Elibrary NamdhariElibrary@gmail.com

## ਤੁਸਾਂ ਜਦ ਤੱਕ ਦਰਸ ਦਿਖਾਣਾ ਨਹੀਂ

ਤੁਸਾਂ ਜਦ ਤੱਕ ਦਰਸ ਦਿਖਾਣਾ ਨਹੀਂ।
ਉਦੋਂ ਤੱਕ ਮੈਂ ਘਰ ਜਾਣਾ ਨਹੀਂ।

ਬੈਠਾ ਹੀ ਰਹਿਣੈ ਇਸ ਰਾਹ 'ਤੇ,
ਤੁਸਾਂ ਫੇਰਾ ਜਦ ਤੱਕ ਪਾਣਾ ਨਹੀਂ।

ਧੁੱਪ ਕੜਕਦੀ ਹੋਵੇ ਜਾਂ ਮੀਂਹ ਬਰਸੇ,
ਛੱਡਣਾ ਮੈਂ ਆਪਦਾ ਟਿਕਾਣਾ ਨਹੀਂ।

ਕੀ ਕਹਿੰਦੇ ਨੇ ਲੋਕੀ ਕਹਿਣ ਦਿਓ,
ਏਥੇ ਬੈਠਿਆਂ ਮੈਂ ਸ਼ਰਮਾਣਾ ਨਹੀਂ।

ਕੀ ਪਤਾ ਤੁਸਾਂ ਕਦ ਆ ਜਾਣੈ,
ਮੈਂ ਸੁੱਤਿਆਂ ਵਕਤ ਖੁੰਝਾਣਾ ਨਹੀਂ।

ਦਿਲਬਰੀਆਂ ਲੋਕੀ ਦੇਣ ਪਏ,
ਇਤਬਾਰ ਮੈਂ ਕਰਨਾ ਕਰਾਣਾ ਨਹੀਂ।

'ਅਮਰੀਕ ਸਿੰਘ' ਸੱਚ ਕਹਿੰਦਾ ਏ,
ਬਿਨ ਦਰਸਨ ਮਨ ਤ੍ਰਿਪਤਾਣਾ ਨਹੀਂ।

***



Sri Satguru Jagjit Singh Ji Elibrary NamdhariElibrary@gmail.com

## ਉਸਤਤ ਕੀ ਕਰੀਏ

ਉਸਤਤ ਕੀ ਕਰੀਏ ਦਰਸਨ ਦੀ।
ਬਿਨ ਬੱਦਲੋਂ ਬਾਰਸ਼ ਬਰਸਨ ਦੀ।

ਤੁਸੀਂ ਅਚਨ ਅਚੇਤੀ ਆ ਗਏ ਜਾਂ,
ਰੁੱਤ ਚਲੀ ਗਈ ਏ ਤਰਸਣ ਦੀ।

ਉਹ ਘੜੀ ਵੀ ਬੜੀ ਸੁਲੱਖਣੀ ਏ,
ਚਰਨਾਂ ਨੂੰ ਜਿਹੜੀ ਏ ਪਰਸਣ ਦੀ।

ਤਨ ਮਨ ਤੇ ਧਨ ਵੀ ਸਭ ਕੁਝ ਹੀ,
ਮਰਜ਼ੀ ਹੈ ਤੁਸਾਂ ਨੂੰ ਅਰਪਣ ਦੀ।

ਜਿਸਦੇ ਵਿਚ ਤੁਸਾਂ ਦਾ ਮੁੱਖ ਦਿਸੇ,
ਕੀਹ ਰੀਸ ਹੈ ਐਸੇ ਦਰਪਣ ਦੀ।

ਤੁਸਾਂ ਉਦੋਂ ਵੀ ਮੈਨੂੰ ਬਖ਼ਸ਼ਿਆ ਸੀ,
ਬੜੀ ਯਾਦ ਹੈ ਮੈਨੂੰ ਬਚਪਨ ਦੀ।

'ਅਮਰੀਕ ਸਿੰਘ' ਏਸੇ ਦਰ ਰਹਿਣੈ,
ਨਹੀਂ ਪਰਵਾਹ ਕਿਸੇ ਵੀ ਅੜਚਣ ਦੀ।



Sri Satguru Jagjit Singh Ji Elibrary NamdhariElibrary@gmail.com

## ਦਰਸਨ ਪਿਆਸ ਲਗੀ ਮਨ ਮੇਰੇ

ਦਰਸਨ ਪਿਆਸ ਲਗੀ ਮਨ ਮੇਰੇ।
ਬਿਨ ਦਰਸ਼ਨ ਨਾ ਹੋਣ ਸਵੇਰੇ।

ਬਿਨਾ ਆਪ ਦੇ ਪਿਆਸ ਨ ਬੁੱਝਦੀ,
ਬਿਨ ਸੂਰਜ ਨ ਜਾਣ ਹਨ੍ਹੇਰੇ।

ਇੰਤਜ਼ਾਰ ਵਿਚ ਅਸੀਂ ਹਾਂ ਬੈਠੇ,
ਹੋਰ ਕਦੋਂ ਤੱਕ ਕਰਨੇ ਜੇਰੇ।

ਜਾਗਣੇ ਸਾਡੇ ਭਾਗ ਕਦੋਂ ਤੱਕ,
ਬੀਤ ਗਏ ਨੇ ਸਾਲ ਬਥੇਰੇ।

ਨ ਆਏ ਤਾਂ ਸਬਰ ਦੀ ਛੱਤ ਦੇ,
ਢਹਿ ਨ ਜਾਵਣ ਕਿਤੇ ਬਨੇਰੇ।

ਬਿਨ ਦਰਸਨ ਹੈ ਜੀਣਾ ਔਖਾ,
ਕੱਖੋਂ ਹੋਏ ਅਸੀਂ ਹੂਲੇਰੇ।

ਤੁਸਾਂ ਨੂੰ ਮਿਲ 'ਅਮਰੀਕ ਸਿੰਘ' ਦੇ,
ਹੋ ਜਾਵਣਗੇ ਭਾਗ ਚੰਗੇਰੇ।
***



Sri Satguru Jagjit Singh Ji Elibrary NamdhariElibrary@gmail.com

## ਗੁਰਾਂ ਦਾ ਦਰਸ਼ਨ ਕਰੀਏ

ਚੱਲੀਏ ਭੈਣੀ ਸੈਬ੍ਰ ਗੁਰਾਂ ਦੇ ਦਰਸ਼ਨ ਕਰੀਏ।
ਸੌਖੇ ਢੰਗ ਦੇ ਨਾਲ ਆਓ ਹੁਣ ਭਵਜਲ ਤਰੀਏ।

ਚਾਰ ਦਿਨਾਂ ਦਾ ਜੀਵਨ ਪਤਾ ਨਹੀਂ ਕਦ ਤੱਕ ਜੀਣੈ,
ਜਦ ਤੱਕ ਜੀਵੀਏ ਸੱਚੇ ਸੈਬ੍ਰ ਦੀ ਹਾਜ਼ਰੀ ਭਰੀਏ।

ਅੰਦਰੋਂ ਬਾਹਰੋਂ ਆਪਣਾ ਤਨ ਮਨ ਸੁਥਰਾ ਕਰਕੇ,
ਸੀਸ ਗੁਰਾਂ ਦੇ ਚਰਨਾਂ ਉੱਤੇ ਚੱਲ ਕੇ ਧਰੀਏ।

ਕਿੰਨੀਆਂ ਆਉਣ ਰੁਕਾਵਟਾਂ ਤੇ ਭਰਮ ਭੁਲੇਖੇ,
ਕਰ ਪੱਕਾ ਵਿਸ਼ਵਾਸ ਇਹਨਾਂ ਤੋਂ ਕਦੇ ਨ ਡਰੀਏ।

ਸਾਰੇ ਸੁਖ ਮਿਲ ਜਾਣ ਭਰੋਸਾ ਜੇ ਹੈ ਪੱਕਾ,
ਹਾਰ ਕਦੇ ਨਾ ਆਏਗੀ ਜੇ ਇਸ ਦਰ ਹਰੀਏ।

ਹਉਮੈ ਦਿਲੋਂ ਤਿਆਗ ਕੇ ਆਪਨਾਏ ਹਲੀਮੀ,
ਜੀਵਨ ਮੁਕਤੀ ਪਾਏ ਕੇ ਝੱਟ ਪਾਰ ਉਤਰੀਏ।

'ਸਿੰਘ ਅਮਰੀਕ' ਨੂੰ ਆਖੀਏ ਕਿਉਂ ਫ਼ਿਕਰ ਹੋ ਕਰਦੇ,
ਸੈਬ੍ਰ ਦਾ ਮਿਲਿਐ ਆਸਰਾ ਕਿਉਂ ਡਰ ਡਰ ਮਰੀਏ।
***



Sri Satguru Jagjit Singh Ji Elibrary NamdhariElibrary@gmail.com

## ਅਕਸੀਰ ਦਵਾਈ

ਦਰਸ਼ਨ ਹੈ ਅਕਸੀਰ ਦਵਾਈ।
ਜਿਸ ਨੇ ਹਰ ਇੱਕ ਮਰਜ਼ ਗਵਾਈ।

ਸਤਿਗੁਰ ਪੂਰੇ ਵੈਦ ਨੇ ਜਾਣੋ,
ਜਿਨ੍ਹਾਂ ਨੂੰ ਅਸਾਂ ਨਬਜ਼ ਵਖਾਈ।

ਨਬਜ਼ ਫੜ੍ਹਾ ਮੈਂ ਕਿਹਾ 'ਪ੍ਰੀਤਮ',
ਇਸ ਰੋਗੀ ਦੇ ਬਣੋ ਸਹਾਈ।

ਹਉਮੈਂ ਰੋਗ ਅਸਾਧ ਲੱਗਾ ਏ,
ਅੰਦਰੋ ਅੰਦਰ ਜਾਂਦੈ ਖਾਈ।

ਬੜੇ ਹਕੀਮਾਂ ਜਤਨ ਹੈ ਕਰਿਆ,
ਆਪ ਦੇ ਬਿਨਾਂ ਨ ਸ਼ਾਂਤੀ ਆਈ।

ਇੱਕ ਹੀ ਮਿਹਰ ਦੀ ਨਜ਼ਰ ਜਾਂ ਹੋਈ,
ਅੰਦਰੋਂ ਬਾਹਰੋਂ ਕਰੀ ਸਫ਼ਾਈ।

ਖੁਸ਼-ਕਿਸਮਤ 'ਅਮਰੀਕ ਸਿੰਘ' ਹੈ,
ਤੁਸਾਂ ਹੈ ਜਿਸ ਦੀ ਸੁਣੀ ਦੁਹਾਈ।
***



Sri Satguru Jagjit Singh Ji Elibrary NamdhariElibrary@gmail.com

## ਬੜੀ ਮਿਹਰਬਾਨੀ

ਤੁਸਾਂ ਦਰਸ ਦਿੱਤਾ ਬੜੀ ਮਿਹਰਬਾਨੀ।
ਚੰਗੇਰੇ ਨਸੀਬਾਂ ਦੀ ਏਹੀ ਨਿਸ਼ਾਨੀ।

ਬੇ-ਅੰਤ ਹੋ ਅੰਤ ਕਿਸ ਨੇ ਹੈ ਪਾਇਆ,
ਮੇਰੀ ਸੋਚ ਦੀ ਮੱਠੀ ਪੈ ਗਈ ਰਵਾਨੀ।

ਤੁਸੀਂ ਬੇ-ਮਿਸਾਲ ਹੋ ਬਰਾਬਰ ਹੈ ਕਿਹੜਾ,
ਤੁਹਾਡੇ ਨਹੀਂ ਕੋਈ ਤੁੱਲ, ਹੋ ਲਾਸਾਨੀ।

ਬੜਾ ਚੰਗਾ ਹੋਇਆ ਤੁਸੀਂ ਮਿਲ ਪਏ ਹੋ,
ਨ ਮਿਲਦੇ ਮੇਰਾ ਮੁੱਲ ਨ ਪੈਂਦਾ ਦਵਾਨੀ।

ਤੁਸੀਂ ਹਰ ਕਿਸੇ ਦੇ ਬਣਦੇ ਹੋ ਰਹਿਬਰ,
ਤੁਹਾਡੀ ਕਦਰ ਕਿਸੇ ਜਾਣੀ ਨ ਜਾਨੀ।

ਸਦਾ ਹੀ ਫਰਜ਼ ਹੋ ਨਿਭਾਂਦੇ ਹੀ ਰਹਿੰਦੇ,
ਅਸੀਂ ਕਰਦੇ ਰਹੀਏ ਸਦਾ ਮਨ ਮਾਨੀ।

ਤੂੰ 'ਅਮਰੀਕ ਸਿੰਘ' ਹੈਂ ਬੜਾ ਹੀ ਨਕਾਰਾ,
ਉਮਰ ਸਾਰੀ ਦਰ ਦਰ ਦੀ ਹੈ ਖਾਕ ਛਾਣੀ।
***



Sri Satguru Jagjit Singh Ji Elibrary NamdhariElibrary@gmail.com

## ਜ਼ਿੰਦਗੀ ਨਾਕਾਮ ਹੈ

ਦਰਸ਼ਨਾਂ ਬਿਨ ਜ਼ਿੰਦਗੀ ਨਾਕਾਮ ਹੈ।
ਮਿਲਿਆਂ ਬਿਨ ਆਉਣਾ ਨਹੀਂ ਆਰਾਮ ਹੈ।

ਕਿਸੇ ਵੀ ਕੀਤਾ ਨਹੀਂ ਸਮਤੋਲ ਹੈ,
ਕੈਸੀ ਹਾਲਤ ਹੈ ਤੇ ਕੀਹ ਅੰਜਾਮ ਹੈ।

ਸੋਚ ਰਹਿੰਦੀ ਹੈ ਕਿ ਕਦ ਤੱਕ ਆਓਗੇ,
ਹਰ ਖੁਸ਼ੀ ਨੂੰ ਲੱਗ ਗਿਆ ਹੁਣ ਜਾਮ ਹੈ।

ਤੁਸੀਂ ਆਪਣੀ ਮੌਜ਼ ਵਿਚ ਹੋ ਵਿਚਰਦੇ,
ਹੋ ਗਈ ਸਾਡੀ ਜਹਾਨੋਂ ਲਾਂਮ੍ਹ ਹੈ।

ਆਪ ਦੇ ਦਰਸ਼ਨ ਦਾ ਕੋਈ ਮੁੱਲ ਨਹੀਂ,
ਪਰ ਅਸਾਡੀ ਹੋਂਦ ਤਾਂ ਬੱਸ ਆਮ ਹੈ।

ਹੋ ਹਨ੍ਹੇਰਾ ਜਾਂਦਾ ਏ ਸੂਰਜ ਬਿਨਾ,
ਦਿਨ ਦੇ ਵਿੱਚ ਵੀ ਪਸਰ ਜਾਂਦੀ ਸ਼ਾਮ ਹੈ।

ਤੁਸਾਂ 'ਚੋਂ 'ਅਮਰੀਕ ਸਿੰਘ' ਨੂੰ ਦਿਸ ਰਿਹੇ ੧ਓ,
ਸ੍ਰੀ ਕ੍ਰਿਸ਼ਨ ਜੀ ਹੋ ਜਾਂ ਭਗਵਨ ਰਾਮ ਹੈ।

***



Sri Satguru Jagjit Singh Ji Elibrary NamdhariElibrary@gmail.com

## ਗੁਰ ਦਰਸ਼ਨ ਜੋ ਕਰਦੇ ਨੇ

ਵਡਭਾਗੇ ਨੇ ਸ਼ਾਮ ਸਵੇਰੇ ਜੋ ਗੁਰ ਦਰਸ਼ਨ ਕਰਦੇ ਨੇ।
ਬਦਕਿਸਮਤ ਨੇ ਬਿਰਹਾ ਦੁਖੜੇ ਬੜੀ ਦੇਰ ਤੋਂ ਜਰਦੇ ਨੇ।

ਧੁਰੋਂ ਲਿਖਾ ਕੇ ਆਏ ਨੇ ਜੋ ਚਰਨ ਪਰਸਦੇ ਓਹੀ ਨੇ,
ਗੁਰ ਕਿਰਪਾ ਦੇ ਬੱਦਲ ਉਨ੍ਹਾਂ ਉੱਤੇ ਸਦਾ ਹੀ ਰਹਿੰਦੇ ਵਰ੍ਹਦੇ ਨੇ।

ਉਹ ਵੀ ਨੇ ਜੋ ਘੁੰਡੀ ਰੱਖ ਕੇ ਚਰਨਾਂ ਵਿੱਚ ਨੇ ਬੈਠ ਰਹੇ,
ਕੁਝ ਆਪਣੇ ਸਭ ਭੇਤ ਦਿਲਾਂ ਦੇ ਗੁਰ ਚਰਨਾਂ 'ਤੇ ਧਰਦੇ ਨੇ।

ਕਈ ਤਾਂ ਵਿਚ ਹੰਕਾਰ ਦੇ ਰਹਿ ਕੇ ਗੁਰੂ ਚਰਨਾਂ ਵਿਚ ਬੈਠੇ ਨੇ,
ਸਦ ਕੁਰਬਾਨ ਉਹਨਾਂ ਤੋਂ ਜਿਹੜੇ ਆਪਣਾ ਆਪਾ ਹਰਦੇ ਨੇ।

ਨਿਮਰਤਾ ਵਿਚ ਰਹੀਏ ਜੇਕਰ ਦਰਸ਼ਨ ਕਰਨ ਲਈ ਚੱਲੇ ਹੋ,
ਚੰਗੇ ਲੋਕੀ ਗੁਰੂਦੁਆਰੇ ਨਿਸ਼ਚਿੰਤ ਹੋ ਹਾਜ਼ਰੀ ਭਰਦੇ ਨੇ।

ਹਰ ਵੇਲੇ ਹੀ ਤਾਂਘ ਜਿਨ੍ਹਾਂ ਨੂੰ ਗੁਰ ਦਰਸ਼ਨ ਦੀ ਰਹਿੰਦੀ ਏ,
ਰਾਹਾਂ ਉੱਤੇ ਖੜ੍ਹੇ ਨੇ ਰਹਿੰਦੇ ਫ਼ਿਕਰ ਨ ਕਰਦੇ ਘਰਦੇ ਨੇ।

ਤੂੰ ਵੀ ਤਾਂ 'ਅਮਰੀਕ ਸਿੰਘ' ਹੰਕਾਰ ਨ ਉੱਕਾ ਕਰਿਆ ਕਰ,
ਤੇਰੇ ਵਰਗੇ ਹੋਰ ਬੜੇ ਜੋ ਬਰਦੇ ਓਸੇ ਦਰ ਦੇ ਨੇ।
***



Sri Satguru Jagjit Singh Ji Elibrary NamdhariElibrary@gmail.com

## ਤੁਸਾਂ ਦੇ ਦੁਆਰੇ

ਜਦੋਂ ਦੁਨੀਆ ਦਿੱਤੇ ਨ ਅਸਲੋਂ ਸਹਾਰੇ।
ਤੁਸਾਂ ਦੇ ਕੇ ਦਰਸ਼ਨ ਸੀ ਡੁੱਬਦੇ ਉਭਾਰੇ।

ਕੋਈ ਗ਼ਮ ਨਹੀਂ ਹੁਣ ਨ ਡਰ ਹੈ ਨਾ ਖ਼ਤਰਾ,
ਤੁਸਾਂ ਚੁੱਕ ਲਏ ਜ਼ੁੰਮੇ ਸਾਡੇ ਨੇ ਸਾਰੇ।

ਕਿਸੇ ਕਿਸਮ ਦੀ ਕੋਈ ਚਿੰਤਾ ਰਹੀ ਨਾ,
ਜਦੋਂ ਢਹਿ ਪਏ ਹਾਂ ਤੁਸਾਂ ਦੇ ਦੁਆਰੇ।

ਸਭੀ ਵਹਿਮਾਂ-ਭਰਮਾਂ ਤੋਂ ਹੋਈ ਖਲਾਸੀ,
ਤੁਸਾਂ ਚਿੰਤਾ ਮੁਕਤੇ ਦੇ ਦਿੱਤੇ ਹੁਲਾਰੇ।

ਉਪਜੀਆਂ ਮਨਾਂ ਵਿਚ ਨੇ ਨਵੀਆਂ ਉਮੰਗਾਂ,
ਉਦਾਸੀ ਦੇ ਬੀਤੇ ਦਿਹਾੜੇ ਨੇ ਸਾਰੇ।

ਜਦੋਂ ਸੁਣੀ ਸੀ ਕਿ ਆ ਰਹੇ ਓ ਜਲਦੀ,
ਅਸੀਂ ਰਾਹਾਂ ਤੱਕਦੇ ਸਾਂ ਚੜ੍ਹ ਕੇ ਚੁਬਾਰੇ।

ਆਏ ਦੇਣ 'ਅਮਰੀਕ ਸਿੰਘ' ਨੂੰ ਵਧਾਈਆਂ,
ਤੁਸਾਂ ਭਾਗ ਉਸਦੇ ਨੇ ਪੂਰੇ ਸਵਾਰੇ।
***



Sri Satguru Jagjit Singh Ji Elibrary NamdhariElibrary@gmail.com

## ਸਦ ਬਲਿਹਾਰ ਹੋ ਗਿਆ

ਜਦੋਂ ਕੀਤਾ ਮੈਂ ਦੀਦਾਰ ਸਦ ਬਲਿਹਾਰ ਹੋ ਗਿਆ,
ਮੇਰੀਆਂ ਆਸਾਂ ਦਾ ਗੁਲਸ਼ਨ ਵੀ ਅੱਜ ਗੁਲਜ਼ਾਰ ਹੋ ਗਿਆ।

ਤੁਸਾਂ ਹੈ ਐਸਾ ਕੌਤਕ ਕਰਿਆ, ਦਾਮਨ ਨਾਲ ਅਸੀਂ ਭਰਿਆ,
ਮੈਂ ਹਾਂ ਡੁੱਬਦਾ ਡੁੱਬਦਾ ਤਰਿਆ, ਭਵਜਨ ਪਾਰ ਹੋ ਗਿਆ।

ਤੁਸਾਂ ਨੇ ਕੈਸੀ ਬਿਧ ਬਣਾਈ, ਕੀਤੀ ਮਨ ਦੀ ਦੂਰ ਸਿਆਹੀ,
ਮੇਰੀ ਹੋਈ ਸਫ਼ਲ ਕਮਈ, ਦੂਰ ਹੰਕਾਰ ਹੋ ਗਿਆ।

ਤੁਸੀਂ ਹੋ ਪਰਬਤ ਬਹੁਤ ਉਚੇਰੇ, ਤੇ ਆਕਾਸ਼ ਵਿਸ਼ਾਲ ਬਥੇਰੇ,
ਆਪ ਹੋ ਸਾਗਰ ਬੜੇ ਡੂੰਘੇਰੇ, ਸੋਚ ਕੇ ਹਾਰ ਹੋ ਗਿਆ।

ਤੁਹਾਡੇ ਬਚਨਾਂ ਦਾ ਕੀ ਮੁੱਲ ਹੈ, ਕੋਈ ਮਿਸਾਲ ਨ ਆਪ ਦੇ ਤੁੱਲ ਹੈ,
ਕੰਨਾਂ ਵਿਚ ਸ਼ਹਿਦ ਹੀ ਜਾਂਦਾ ਘੁਲ ਹੈ, ਹਰਾਨ ਸੰਸਾਰ ਹੋ ਗਿਆ।

ਤੁਸੀਂ ਹੋ ਸੁਣਦੇ ਸਭ ਦੀਆਂ ਅਰਜਾਂ, ਪੂਰੀਆਂ ਕਰੋ ਸਾਰੀਆਂ ਗਰਜਾਂ,
ਦੂਰ ਕਰ ਦੇਵੋ ਕੁੱਲ ਹੀ ਮਰਜ਼ਾਂ, ਜਗਤ ਨਿਸਾਰ ਹੋ ਗਿਆ।

ਸੁਪਨਾ 'ਸਿੰਘ ਅਮਰੀਕ' ਦਾ ਪੂਰਾ, ਕੀਤਾ ਰਿਹਾ ਨ ਕਦੇ ਅਧੂਰਾ,
ਤਾਂ ਹੀ ਰਹੇ ਸਦਾ ਮਖਸੂਰਾ, ਬੜਾ ਸੁਧਾਰ ਹੋ ਗਿਆ।

***



Sri Satguru Jagjit Singh Ji Elibrary NamdhariElibrary@gmail.com

## ਦਿਆਲੂ ਬੜੇ ਹੋ

ਤੁਸੀਂ ਸਤਿਗੁਰੂ ਜੀ ਦਿਆਲੂ ਬੜੇ ਹੋ।
ਜਿਧਰ ਦੇਖਦੇ ਹਾਂ ਤੁਸੀਂ ਹੀ ਖੜ੍ਹੇ ਹੋ।

ਜਦੋਂ ਦੇਵੋ ਦਰਸ਼ਨ ਤਾਂ ਮਿਟਦੇ ਹਨ੍ਹੇਰੇ,
ਅਮਵਸ ਦੀ ਰਾਤ ਵਿਚ ਹੋਵਣ ਸਵੇਰੇ,
ਹੋ ਚੰਨ ਜੋ ਸਦੀਵੀ ਰਹਿੰਦੇ ਚੜ੍ਹੇ ਹੋ।
ਤੁਸੀਂ ਸਤਿਗੁਰੂ ਜੀ ਦਿਆਲੂ ਬੜੇ ਹੋ।

ਬੜੇ ਲੋਕ ਰਾਹਾਂ 'ਤੇ ਕਰਦੇ ਉਡੀਕਾਂ,
ਉਡੀਕਾਂ ਦੇ ਵਿਚ ਹੀ ਨਿੱਕਲ ਜਾਣ ਚੀਕਾਂ,
ਖੁਸ਼ੀ ਵਿਚ ਨੇ ਨੱਚਦੇ ਜਾਂ ਵਿਹੜੇ ਵੜੇ ਹੋ।
ਤੁਸੀਂ ਸਤਿਗੁਰੂ ਜੀ ਦਿਆਲੂ ਬੜੇ ਹੋ।

ਪਤਾ ਨਹੀਂ ਕਿਵੇਂ ਸਭ ਦਾ ਹੋ ਧਿਆਨ ਰੱਖਦੇ,
ਕਿਵੇਂ ਬਣ ਹੋ ਜਾਂਦੇ ਹਰੇਕ ਦੇ ਪੱਖ ਦੇ,
ਨਹੀਂ ਵਾਲਾ ਅੱਖਰ ਤੁਸੀਂ ਨਾ ਪੜ੍ਹੇ ਹੋ।
ਤੁਸੀਂ ਸਤਿਗੁਰੂ ਜੀ ਦਿਆਲੂ ਬੜੇ ਹੋ।

ਰਹੋ ਦੇਂਦੇ ਸਾਨੂੰ ਹਮੇਸ਼ਾ ਸੁਮੱਤਾਂ,
ਅਸਾਨੂੰ ਮਗਰ ਚੰਗੀਆਂ ਲੱਗਣ ਕੁਮੱਤਾਂ,
ਤੁਸੀਂ ਆਪਣੇ ਨਿਯਮਾਂ 'ਤੇ ਰਹਿੰਦੇ ਅੜੇ ਹੋ।
ਤੁਸੀਂ ਸਤਿਗੁਰੂ ਜੀ ਦਿਆਲੂ ਬੜੇ ਹੋ।

ਤੁਸਾਂ ਬਖ਼ਸ਼ ਦਿੱਤਾ ਏ 'ਅਮਰੀਕ ਸਿੰਘ' ਨੂੰ,
ਬੜਾ ਪਿਆਰ ਦਿੱਤਾ ਏ ਅਮਰੀਕ ਸਿੰਘ ਨੂੰ,
ਸਦਾ ਹੀ ਖੜ੍ਹੇ ਤੁਸੀਂ ਉਸਦੇ ਬੜੇ ਹੋ।
ਤੁਸੀਂ ਸਤਿਗੁਰੂ ਜੀ ਦਿਆਲੂ ਬੜੇ ਹੋ।
***



Sri Satguru Jagjit Singh Ji Elibrary NamdhariElibrary@gmail.com

## ਉਮਰ ਥੋੜ੍ਹੀ ਤੇਰੀ

ਮਨਾਂ ਰਹਿ ਗਈ ਏ ਉਮਰ ਥੋੜ੍ਹੀ ਤੇਰੀ।
ਬੜੀ ਛੇਤੀ ਹੋ ਜਾਣੀ ਏ ਢਹਿ ਕੇ ਢੇਰੀ।

ਤੂੰ ਰੱਜ ਰੱਜ ਕੇ ਦਰਸ਼ਨ ਗੁਰੂ ਜੀ ਦੇ ਕਰਲੈ,
ਬਚਨ ਹੀਰੇ ਮੋਤੀ ਨੇ ਸੁਣ ਝੋਲ ਭਰਲੈ,
ਹੈ ਦੁਨੀਆਂ 'ਤੇ ਤੇਰੀ ਅਖੀਰੀ ਇਹ ਫੇਰੀ।
ਬੜੀ ਛੇਤੀ ਹੋ ਜਾਣੀ ਏ ਢਹਿ ਕੇ ਢੇਰੀ।

ਗੁਰੂ ਚਰਨੀ ਲੱਗ ਕੇ ਜਨਮ ਲੇਖੇ ਲਾ ਲੈ,
ਕੋਈ ਏਸ ਦੁਨੀਆ 'ਤੇ ਨੇਕੀ ਕਮਾਲੈ,
ਉਮਰ ਪਰ ਤੂੰ ਆਪ ਹੁੰਦਗੀ ਕੀਤੀ ਬਥੇਰੀ।
ਬੜੀ ਛੇਤੀ ਹੋ ਜਾਣੀ ਏ ਢਹਿ ਕੇ ਢੇਰੀ।

ਤੂੰ ਛੱਡ ਹਉਮੇ ਹੰਕਾਰ ਬੁਰੀ ਹੈ ਬਿਮਾਰੀ,
ਹੈ ਜਿਸ ਨੇ ਬੜੇ ਲੋਕਾਂ ਦੀ ਮੱਤ ਮਾਰੀ,
ਚੜ੍ਹੀ ਰਹਿੰਦੀ ਮਨ ਵਿਚ ਹੈ ਇਸ ਦੀ ਹਨ੍ਹੇਰੀ।
ਬੜੀ ਛੇਤੀ ਹੋ ਜਾਣੀ ਏ ਢਹਿ ਕੇ ਢੇਰੀ।

ਕਿਸੇ ਮਾੜੇ ਦੀ ਤੂੰ ਸਹੈਤਾ ਹੀ ਕਰ ਲੈ,
ਕਿਸੇ ਅਤਿ ਦੁਖੀ ਦਾ ਤੂੰ ਦੁੱਖ ਹੀ ਜਰ ਲੈ,
ਕਿਸੇ ਚੰਗੇ ਕੰਮ ਨੂੰ ਤੂੰ ਲਾਈ ਨ ਦੇਰੀ।
ਬੜੀ ਛੇਤੀ ਹੋ ਜਾਣੀ ਏ ਢਹਿ ਕੇ ਢੇਰੀ।

ਹੈ 'ਅਮਰੀਕ ਸਿੰਘ' ਦਾ ਬੜ ਸੱਚਾ ਕਹਿਣਾ,
ਸਦਾ ਏਸ ਦੁਨੀਆ 'ਤੇ ਨਹੀਂ ਬੈਠ ਰਹਿਣਾ,
ਇਹ ਮੁੱਕ ਜਾਣੀ ਕਿੰਨੀ ਉਮਰ ਹੈ ਲੰਮੇਰੀ।
ਬੜੀ ਛੇਤੀ ਹੋ ਜਾਣੀ ਏ ਢਹਿ ਕੇ ਢੇਰੀ।
***



Sri Satguru Jagjit Singh Ji Elibrary NamdhariElibrary@gmail.com

## ਗੁਰ ਚਰਨਾਂ ਵਿਚ

ਗੁਰ ਚਰਨਾਂ ਵਿਚ ਰਹਿ ਕੇ ਸਾਰੀ ਉਮਰ ਬਿਤਾਣੀ ਏ।
ਉਹਨਾਂ ਦੇ ਹੁਕਮਾਂ ਵਿਚ ਰਹਿ ਕੇ ਕਰਨੀ ਸਫ਼ਲ ਕਹਾਣੀ ਏ।

ਗੁਰੂ ਦੇ ਚਰਨ ਜਦੋਂ ਫੜ ਲੀਤੇ, ਛੱਡਣੇ ਨਹੀਂ ਕਿਸੇ ਵੀ ਕੀਤੇ,
ਸਿਰ 'ਤੇ ਜੋ ਬੀਤੇ ਸੋ ਬੀਤੇ, ਲੱਗੀ ਤੋੜ ਨਿਭਾਣੀ ਏ।

ਐਸਾ ਮਿਲਿਆ ਗੁਰੂ-ਸਹਾਰਾ, ਖੁੱਲ੍ਹਿਆ ਸੁੱਖਾਂ ਦਾ ਜਿਵੇਂ ਪਟਾਰਾ,
ਹੋਇਆ ਹਰ ਪਾਸੇ ਉਜਿਆਰਾ, ਸਭ ਨੂੰ ਗੱਲ ਸੁਣਾਂਤੀ ਏ।

ਲੋਕੋ ਗੁਰ ਚਰਨਾਂ ਵਿਚ ਆਓ, ਏਥੇ ਮਨ ਚਿੰਦਿਆ ਫਲ ਪਾਓ,
ਇਹ ਦਰ ਛੱਡ ਕੇ ਕਿਤੇ ਨ ਜਾਓ, ਦਾਤ ਇੱਥੋਂ ਹੀ ਪਾਣੀ ਏ।

ਜੇ ਹੈ ਜੀਵਨ ਸੁਖੀ ਬਨਾਣਾ, ਕਿਓਂ ਫਿਰ ਹੋਰ ਕਿਤੇ ਹੈ ਜਾਣਾ,
ਨਹੀਂ ਹੈ ਚੰਗਾ ਹੋਰ ਟਿਕਾਣਾ, ਪੂਰੀ ਗੱਲ ਸਮਝਾਣੀ ਏ।

'ਸਿੰਘ ਅਮਰੀਕ' ਨੂੰ ਵੀ ਸਮਝਾਓ, ਉਸ ਦੇ ਖਾਨੇ ਇਹ ਗੱਲ ਪਾਓ,
ਉਸ ਨੂੰ ਗੁਰੂ ਦੇ ਬਚਨ ਸੁਣਾਓ, ਜੋ ਬੇੜੀ ਪਾਰ ਲਗਾਣੀ ਏ।

ਗੁਰਾਂ ਨੇ ਜਦੋਂ ਇਹ ਬਚਨ ਸੁਣਾਇਆ, ਜਨਮ ਅਮੋਲਕ ਜੋ ਹੈ ਪਾਇਆ,
ਝੂਠੇ ਧੰਦਿਆਂ ਵਿੱਚ ਗਵਾਇਆ, ਵਿਅਰਥ ਕਿਓਂ ਉਮਰ ਗਵਾਣੀ ਹੈ।

***



Sri Satguru Jagjit Singh Ji Elibrary NamdhariElibrary@gmail.com

## ਨਾ ਰੋਕੋ ਐ ਲੋਕੋ

ਨਾ ਰੋਕੋ ਨਾ ਰੋਕੋ ਐ ਲੋਕੋ ਭੈਣੀ ਸਾਹਿਬ ਮੈਂ ਜਾਣਾ ਏ।
ਗੁਰੂ ਕੇ ਚਰਨਾਂ ਵਿਚ ਹੀ ਰਹਿ ਕੇ ਰੱਜ ਰੱਜ ਦਰਸ਼ਨ ਪਾਣਾ ਏ।

ਖੁੱਲ੍ਹਾ ਸੁੱਖਾਂ ਦਾ ਹੈ ਦਰਵਾਜਾ, ਜੇ ਸੁਖ ਲੈਣਾ ਏ ਤਾਂ ਆਜਾ,
ਆਉਂਦਾ ਧੁਰੋਂ ਸਦਾ ਇਹ ਵਾਜਾ, ਸਿੱਧਾ ਰਾਹ ਵਖਾਣਾ ਏ।

ਓਥੇ ਰਹਿਣ ਵਾਲੇ ਨੇ ਦੱਸਦੇ, ਅਸੀਂ ਤਾਂ ਬੜੇ ਸੁਖੀ ਹਾਂ ਵੱਸਦੇ,
ਦੁੱਖੜੇ ਕੋਹਾਂ ਦੂਰ ਨੇ ਨੱਸਦੇ, ਵਧੀਆ ਬਹੁਤ ਟਿਕਾਣਾ ਏ।

ਇੱਥੇ ਦਰਸ਼ਨ ਹੋਣ ਹਮੇਸ਼ਾ, ਰਹੇ ਨ ਡਰ ਜਾਂ ਕੋਈ ਅੰਦੇਸ਼ਾ,
ਨਾ ਹੈ ਕੋਈ ਕਸ਼ਟ ਕਲੇਸ਼ਾ, ਬੜਾ ਹੀ ਸਮਾਂ ਸੁਹਾਣਾ ਏ।

ਹੈ ਏਥੇ ਚਹੁੰ ਗੁਰੂਆਂ ਦਾ ਰਹਿਣਾ, ਜੋ ਦੇ ਸਾਰੇ ਜਗਤ ਦਾ ਗਹਿਣਾ,
ਤਾਂ ਹੀ ਹੋਰ ਕਿਤੇ ਨਹੀਂ ਬਹਿਣਾ, ਮਨ ਇੱਥੇ ਹੀ ਲਾਣਾ ਏ।

ਲੋਕ ਨੇ ਗੱਲਾਂ ਬੜੀਆਂ ਕਰਦੇ, ਪਾੜਨ ਆਕਾਸ਼ਾਂ ਦੇ ਪਰਦੇ,
ਐਪਰ ਡੱਕਾ ਤੋੜ ਨ ਧਰਦੇ, ਅਸਾਂ ਨਾ ਮਨ ਭਰਮਾਣਾ ਏ।

'ਸਿਘ ਅਮਰੀਕ' ਨੂੰ ਨਾਲ ਰਲਾਈਏ, ਉਸਨੂੰ ਸਿੱਧਾ ਰਾਹ ਵਖਾਈਏ,
ਗੁਰੂ ਦੇ ਚਰਨਾਂ ਕੋਲ ਬਿਠਾਈਏ, ਵੱਡਾ ਪੁੰਨ ਕਮਾਣਾ ਏ।

***



Sri Satguru Jagjit Singh Ji Elibrary NamdhariElibrary@gmail.com

## ਜਨਮ ਸਵਾਰ ਲਿਆ

ਦਰਸ਼ਨ ਕਰਕੇ ਜਿਸਨੇ ਜਨਮ ਸਵਾਰ ਲਿਆ।
ਬੜਾ ਮਾਅਰਕਾ ਉਸਨੇ ਸਮਝੋ ਮਾਰ ਲਿਆ।

ਉਸ ਬੰਦੇ ਨੂੰ ਕੋਈ ਗ਼ਮ ਜਾਂ ਫ਼ਿਕਰ ਨਹੀਂ,
ਕਿਸੇ ਵੀ ਤਾਪ ਸਰਾਪ ਦਾ ਕੋਈ ਜ਼ਿਕਰ ਨਹੀਂ,
ਆਪ ਤਾਂ ਤਰਿਆ ਤਾਰ ਸਭੀ ਪ੍ਰਵਾਰ ਲਿਆ।
ਦਰਸ਼ਨ ਕਰਕੇ ਜਿਸਨੇ ਜਨਮ ਸਵਾਰ ਲਿਆ।

ਧਰਮ ਰਾਜ ਵੀ ਉਸਨੂੰ ਕੀ ਕਹਿ ਪਾਏਗਾ,
ਇਹਨਾਂ ਦੇ ਚਰਨੀ ਆਪਣਾ ਸੀਸ ਝੁਕਾਏਗਾ,
ਹਰ ਲੇਖੇ ਦਾ ਸਿਰੋਂ ਹੈ ਭਾਰ ਉਤਾਰ ਲਿਆ।
ਦਰਸ਼ਨ ਕਰਕੇ ਜਿਸਨੇ ਜਨਮ ਸਵਾਰ ਲਿਆ।

ਕਮੀ ਕੋਈ ਨਾ ਉਸਨੂੰ ਕਦੇ ਵੀ ਰਹਿਣੀ ਏ,
ਧੁਰ ਦਰਗਾਹੋਂ ਝੁਕਣੀ ਸੁਖ ਦੀ ਟਹਿਣੀ ਏ,
ਤਪਦਾ ਸੀਨਾ ਸਦਾ ਲਈ ਉਸ ਠਾਰ ਲਿਆ।
ਦਰਸ਼ਨ ਕਰਕੇ ਜਿਸਨੇ ਜਨਮ ਸਵਾਰ ਲਿਆ।

ਰੀਸ ਉਸ ਦੀ ਦੱਸੋ ਕਿਸ ਨੇ ਕਰਨੀ ਏ,
ਕੋਈ ਮੁਸੀਬਤ ਓਸ ਕਦੇ ਨਾ ਜਰਨੀ ਏ,
ਫੜ੍ਹ ਪੱਲਾ ਜਾਂ ਹੈ ਸੱਚੀ ਸਰਕਾਰ ਲਿਆ।
ਦਰਸ਼ਨ ਕਰਕੇ ਜਿਸਨੇ ਜਨਮ ਸਵਾਰ ਲਿਆ।

ਕਿਓਂ ਸੁੱਤੈਂ 'ਅਮਰੀਕ ਸਿੰਘ' ਤੂੰ ਜਾਗ ਜ਼ਰਾ,
ਦਰਸ਼ਨ ਕਰਕੇ ਚੱਲ ਜਗਾ ਲੈ ਭਾਗ ਜ਼ਰਾ,
ਜਾਗਣ ਤੋਂ ਤੂੰ ਕਿਓਂ ਹੈ ਕਰ ਇਨਕਾਰ ਲਿਆ।
ਦਰਸ਼ਨ ਕਰਕੇ ਜਿਸਨੇ ਜਨਮ ਸਵਾਰ ਲਿਆ।
***



Sri Satguru Jagjit Singh Ji Elibrary NamdhariElibrary@gmail.com

## ਸੱਜਣ ਘਰ ਆਏ ਨੇ

ਸੌ ਵਾਰੀ ਧੰਨਵਾਦ ਸੱਜਣ ਘਰ ਆਏ ਨੇ।
ਬੜੇ ਹੀ ਸਾਡੇ ਬੰਕ ਦੁਆਰ ਸੁਹਾਏ ਨੇ।

ਖੇਤ ਬਰਾਨੇ ਉੱਤੇ ਰੱਜ ਮੀਂਹ ਵੱਸਿਆ ਏ,
ਸਾਡਾ ਵੇਖੋ ਤਨ ਮਨ ਖਿੜ ਖਿੜ ਹੱਸਿਆ ਏ,
ਅਸਾਂ ਸਾਰਿਆਂ ਲੱਖ ਲੱਖ ਸ਼ੁਕਰ ਮਨਾਏ ਨੇ।
ਸੌ ਵਾਰੀ ਧੰਨਵਾਦ ਸੱਜਣ ਘਰ ਆਏ ਨੇ।

ਕਿੱਥੇ ਬਿਠਾਈਏ ਵਧੀਆ ਥਾਂ ਕੋਈ ਲੱਭਦੀ ਨਹੀਂ,
ਉਹਨਾਂ ਵਰਗੀ ਜਗ੍ਹਾ ਕੋਈ ਵੀ ਫੱਬਦੀ ਨਹੀਂ,
ਦਿਲ ਦੇ ਪਲੰਘ 'ਤੇ ਚਾਅ ਦੇ ਖੇਸ ਵਿਛਾਏ ਨੇ।
ਸੌ ਵਾਰੀ ਧੰਨਵਾਦ ਸੱਜਣ ਘਰ ਆਏ ਨੇ।

ਖੁਸ਼ੀ ਨਾਲ ਖੁੱਲ੍ਹ ਗਈਆਂ ਮਨ ਦੀਆਂ ਭਿੱਤੀਆਂ ਨੇ,
ਲੋਕਾਂ ਸਾਨੂੰ ਬਹੁਤ ਵਧਾਈਆਂ ਦਿੱਤੀਆਂ ਨੇ,
ਰੱਬ ਸੱਚੇ ਨੇ ਚੰਗੇ ਦਿਨ ਦਿਖਲਾਏ ਨੇ।
ਸੌ ਵਾਰੀ ਧੰਨਵਾਦ ਸੱਜਣ ਘਰ ਆਏ ਨੇ।

'ਸਿਘ ਅਮਰੀਕ' ਵੀ ਬੜਾ ਨਸੀਬਾਂ ਵਾਲਾ ਏ,
ਸੱਜਣਾਂ ਉਸਦਾ ਕੀਤਾ ਸਾਹ ਸੁਖਾਲਾ ਏ,
ਪਿਛਲੇ ਕੀਤੇ ਕਰਮਾਂ ਦੇ ਫ਼ਲ ਪਾਏ ਨੇ।
ਸੌ ਵਾਰੀ ਧੰਨਵਾਦ ਸੱਜਣ ਘਰ ਆਏ ਨੇ।

ਹੁਣ ਸੱਜਣਾ ਸੰਗ ਰਲ਼ ਕੇ ਰਲੀਆਂ ਮਾਣਾਂਗੇ,
ਬਹੁਤ ਉਦਾਸੇ ਮਨਾਂ ਨੂੰ ਰੱਜ ਪਰਚਾਵਾਂਗੇ,
ਸਿਰੋਂ ਸਾਡਿਓਂ ਗ਼ਮ ਦੇ ਲੱਥੇ ਸਾਏ ਨੇ।
ਸੌ ਵਾਰੀ ਧੰਨਵਾਦ ਸੱਜਣ ਘਰ ਆਏ ਨੇ।

***



Sri Satguru Jagjit Singh Ji Elibrary NamdhariElibrary@gmail.com

## ਸਭ ਦੁੱਖਾਂ ਦਾ ਦਾਰੂ ਏ

ਦਰਸ਼ਨ ਤੁਸਾਂ ਦਾ ਸਭ ਦੁੱਖਾਂ ਦਾ ਦਾਰੂ ਏ।
ਪਿਆਰ ਤੁਹਾਡਾ ਹਰ ਸੰਕਟ 'ਤੇ ਭਾਰੂ ਏ।

ਜਿਸ ਦੇ ਸਿਰ 'ਤੇ ਹੱਥ ਤੁਸਾਂ ਨੇ ਰੱਖਿਆ ਏ,
ਜੀਵਨ ਵਿਚ ਉਸ ਕੌੜਾ ਸੁਆਦ ਨ ਚੱਖਿਆ ਏ,
ਹੋ ਜਾਂਦਾ ਉਹ ਸਭ ਪੱਤਣਾਂ ਦਾ ਤਾਰੂ ਏ।
ਦਰਸ਼ਨ ਤੁਸਾਂ ਦਾ ਸਭ ਦੁੱਖਾਂ ਦਾ ਦਾਰੂ ਏ।

ਬੋਲ ਤੁਹਾਡੇ ਸ਼ਹਿਦੋਂ ਕਿਤੇ ਮਿਠੇਰੇ ਨੇ,
ਡਿੱਗਿਆਂ ਨੂੰ ਵੀ ਉੱਠਣ ਦੇ ਦੇਂਦੇ ਜੇਰੇ ਨੇ,
ਹੋ ਜਾਂਦੀ ਉਸ ਦੀ ਹਰ ਸੋਚ ਉਸਾਰੂ ਏ।
ਦਰਸ਼ਨ ਤੁਸਾਂ ਦਾ ਸਭ ਦੁੱਖਾਂ ਦਾ ਦਾਰੂ ਏ।

ਚਰਨ ਤੁਹਾਡੇ ਸੁਖ ਸੁਮਰਿਧੀਆਂ ਵੰਡ ਰਹੇ,
ਖਿਨ ਮੰਗਿਆਂ ਹੀ ਤੋਹਫੇ ਦੀ ਬੰਨ੍ਹ ਪੰਡ ਰਹੇ,
ਕਿਸੇ ਦਾ ਪੱਥ ਵੀ ਹੋਣ ਨ ਦਿੱਤਾ ਉਲਾਰੂ ਏ।
ਦਰਸ਼ਨ ਤੁਸਾਂ ਦਾ ਸਭ ਦੁੱਖਾਂ ਦਾ ਦਾਰੂ ਏ।

ਨਜ਼ਰ ਮਿਹਰ ਦੀ ਜਿਸ ਬੰਦੇ 'ਤੇ ਹੋ ਜਾਵੇ,
ਉਸ ਦੇ ਅੰਦਰ ਦਿਨ ਵਰਗੀ ਹੋ ਲੋਅ ਜਾਵੇ,
ਕਿਸੇ ਦਾ ਹੁੰਦਾ ਕਦੇ ਵੀ ਨਹੀਂ ਤਠਾਰੂ ਏ।
ਦਰਸ਼ਨ ਤੁਸਾਂ ਦਾ ਸਭ ਦੁੱਖਾਂ ਦਾ ਦਾਰੂ ਏ।

'ਸਿੰਘ ਅਮਰੀਕ' ਜਿਹਾਂ 'ਤੇ ਕਿਰਪਾ ਕੀਤੀ ਏ,
ਉਸ ਦੇ ਅੰਦਰੋਂ ਹੂੰਝੀ ਜਮਾਂ ਪਲੀਤੀ ਏ,
ਉਹ ਹੁਣ ਕਿਸੇ ਤੋਂ ਵੀ ਨਾ ਅਸਲੋਂ ਹਾਰੂ ਏ।
ਦਰਸ਼ਨ ਤੁਸਾਂ ਦਾ ਸਭ ਦੁੱਖਾਂ ਦਾ ਦਾਰੂ ਏ।
***



Sri Satguru Jagjit Singh Ji Elibrary NamdhariElibrary@gmail.com

## ਹੋਣਾ ਚਾਹੋ ਸਫਲ

ਤੁਸੀਂ ਜੀਵਨ 'ਚ ਹੋਣਾ ਜੇ ਚਾਹੋ ਸਫ਼ਲ।
ਗੁਰੂ ਚਰਨੀ ਲੱਗਣ ਤੋਂ ਨਾ ਲਾਇਆ ਜੇ ਪਲ।

ਭਿੱਜ ਕੇ ਸ਼ਰਧਾ 'ਚ ਜੋ ਆ ਕੇ ਦਰਸ਼ਨ ਕਰੇ,
ਉਸ ਨੂੰ ਮਿਲ ਜਾਏਗਾ ਜੋ ਵੀ ਚਾਹੇਗਾ ਫਲ।

ਹੋ ਕੇ ਨਿਰਮਾਨ ਜੇ ਆਸਰਾ ਲੈ ਲਵੇ,
ਹਰ ਮੁਸੀਬਤ ਵੀ ਜਾਂਦੀ ਪਲਾਂ ਵਿਚ ਹੈ ਟਲ਼।

ਵਿਚ ਉਡੀਕਾਂ ਜੋ ਰਾਹਾਂ 'ਤੇ ਬੈਠਾ ਰਹੇ,
ਸਬਰ ਰੱਖੇ ਮਿਲਣਗੇ ਉਹ ਅੱਜ ਹੀ ਜਾਂ ਕੱਲ੍ਹ।

ਉਹ ਕਿਸੇ ਤੋਂ ਕਦੇ ਵੀ ਨਹੀਂ ਹਾਰਦੇ,
ਗੁਰੂ ਹੁਕਮਾਂ 'ਤੇ ਕਰਦੇ ਸਦਾ ਜੋ ਅਮਲ।

ਲਾਜ ਰੱਖਦੇ ਦਰੋਪਦ ਦੀ ਦਰਬਾਰ ਵਿੱਚ,
ਪੰਡ ਕੱਪੜੇ ਉਹ ਦੇਂਦੇ ਬਿਨਾਂ ਪੁੱਛੇ ਘੱਲ।

ਤੱਤੇ ਥੰਮ੍ਹਾਂ 'ਚੋਂ ਦਿਸਦੇ ਨੇ ਪ੍ਰਹਿਲਾਦ ਨੂੰ,
ਦੇਂਦੇ ਹਰਨਾਖ਼ਸ ਨੂੰ ਪਲਾਂ ਵਿੱਚ ਦਥੱਲ।

'ਸਿੰਘ ਅਮਰੀਕ' ਨੂੰ ਵੀ ਬਖ਼ਸ਼ ਦੇਣਗੇ,
ਬਚਨ ਕੀਤਾ ਗੁਰਾਂ ਨੇ ਜੋ ਹੋਣੈ ਅਟੱਲ।
***



Sri Satguru Jagjit Singh Ji Elibrary NamdhariElibrary@gmail.com

## ਦਰਸ਼ਨ ਦੇਂਦੇ ਰਹਿਣਾ

ਦਰਸ਼ਨ ਦੇਂਦੇ ਰਹਿਣਾ ਜੀ ਜਦੋਂ ਤੱਕ ਜੀਂਦਾ ਰਹਾਂ।
ਤੁਸਾਂ ਦੇ ਬਚਨਾਂ ਦਾ ਅੰਮ੍ਰਿਤ ਹਰ ਪਲ ਪੀਂਦਾ ਰਹਾਂ।

ਤੁਸਾਂ ਦੇ ਸਾਹਮਣੇ ਬੈਠ ਨਿਹਾਰਾਂ ਆਪਦਾ ਸੋਹਣਾ ਚਿਹਰਾ,
ਮੈਂ ਚਾਹੁੰਦਾ ਹਾਂ ਨਿਕਲ ਹੀ ਜਾਏ ਚਰਨਾਂ ਵਿਚ ਸਾਹ ਮੇਰਾ,
ਸਾਰੀ ਉਮਰਾਂ ਪ੍ਰੀਤਮ ਜੀ ਇਦਾਂ ਥੀਂਦਾ ਰਹਾਂ।
ਦਰਸ਼ਨ ਦੇਂਦੇ ਰਹਿਣਾ ਜੀ ਜਦੋਂ ਤੱਕ ਜੀਂਦਾ ਰਹਾਂ।

ਕੋਈ ਵੀ ਮੈਨੂੰ ਆਪ ਤੋਂ ਕਦੇ ਵੀ ਵਿੱਛੜਨ ਦਿਨ ਨ ਆਵੇ,
ਕੋਈ ਵੀ ਤਾਕਤ ਮੈਨੂੰ ਤੁਸਾਂ ਤੋਂ ਵੱਖਰਾ ਨ ਕਰ ਪਾਏ,
ਲੋਕੀ ਨੇ ਚਾਤਰ ਬੜੇ ਹੀ ਨਾ ਭਰਮੀਂਦਾ ਰਹਾਂ।
ਦਰਸ਼ਨ ਦੇਂਦੇ ਰਹਿਣਾ ਜੀ ਜਦੋਂ ਤੱਕ ਜੀਂਦਾ ਰਹਾਂ।

ਇਹ ਦੁਨੀਆਂ ਹੈ ਤਿਲਕਣਬਾਜੀ ਸੰਭਲ ਕੇ ਚਲਦਾਂ,
ਅੱਗੇ ਪਿੱਛੇ ਆਸੇ ਪਾਸੇ ਵੇਖ ਪੈਰ ਹਾਂ ਧਰਦਾ,
ਡਿੱਗਣੋਂ ਡਰਦਾ ਬੜਾ ਦਾ ਨਾ ਤਿਲਕੀਂਦਾ ਰਹਾਂ।
ਦਰਸ਼ਨ ਦੇਂਦੇ ਰਹਿਣਾ ਜੀ ਜਦੋਂ ਤੱਕ ਜੀਂਦਾ ਰਹਾਂ।

ਬਿਖੜਾ ਪੈਂਡਾ ਦੂਰ ਹੈ ਮੰਜ਼ਲ ਕਿਵੇਂ ਪੁੱਜਾਂਗਾ ਦੱਸੋ,
ਹਾਂ ਪੁੱਜਾਂਗਾ ਤੁਸੀਂ ਜਾਂ ਮੇਰੇ ਮਨ ਮੰਦਰ ਵਿਚ ਵੱਸੋ,
ਰਾਹਾਂ ਵੇਖ ਅਵੱਲੀਆਂ ਮੈਂ ਘਬਰੀਂਦਾ ਰਹਾਂ।
ਦਰਸ਼ਨ ਦੇਂਦੇ ਰਹਿਣਾ ਜੀ ਜਦੋਂ ਤੱਕ ਜੀਂਦਾ ਰਹਾਂ।

ਬੈਠਾ ਹੈ 'ਅਮਰੀਕ ਸਿੰਘ' ਵੀ ਤੁਸਾਂ ਦੇ ਵਿੱਚ ਦੁਆਰੇ,
ਹੱਥ ਜੋ ਰੱਖਿਆ ਉਸਦੇ ਸਿਰ 'ਤੇ ਕਿਸੇ ਤੋਂ ਇਹ ਨ ਹਾਰੇ,
ਸਦਾ ਹੀ ਕਿਰਪਾ ਕਰਿਓ ਜੀ ਮੈਂ ਬਖ਼ਸ਼ੀਂਦਾ ਰਹਾਂ।
ਦਰਸ਼ਨ ਦੇਂਦੇ ਰਹਿਣਾ ਜੀ ਜਦੋਂ ਤੱਕ ਜੀਂਦਾ ਰਹਾਂ।
***



Sri Satguru Jagjit Singh Ji Elibrary NamdhariElibrary@gmail.com

## ਤਾਂਘ ਹੁੰਦੀ ਏ ਜਿਨ੍ਹਾਂ ਨੂੰ ਦਰਸ਼ਨਾਂ ਦੀ

ਤਾਂਘ ਹੁੰਦੀ ਏ ਜਿਨ੍ਹਾਂ ਨੂੰ ਦਰਸ਼ਨਾਂ ਦੀ,
ਸਤਿਗੁਰ ਉਹਨਾਂ ਨੂੰ ਆਣ ਜ਼ਰੂਰ ਮਿਲਦੇ।
ਦਰਸ਼ ਦੇਣ ਤਾਂ ਮਨ ਸੰਤ੍ਰਿਪਤ ਹੁੰਦੇ,
ਪੂਰੇ ਹੁੰਦੇ ਅਰਮਾਨ ਜ਼ਰੂਰ ਦਿਲ ਦੇ।
ਨਹੀਂ ਰਹਿੰਦੀ ਅਤ੍ਰਿਪਤ ਹੈ ਰੂਹ ਕੋਈ,
ਕੰਵਲ ਉਨ੍ਹਾਂ ਦੇ ਹੈਣ ਜ਼ਰੂਰ ਖਿਲਦੇ।
ਅੰਮ੍ਰਿਤ ਵਸਲ ਦਾ ਜੇ ਪਰਾਪਤ ਹੋ ਜਾਵੇ,
ਜ਼ਖ਼ਮ ਹਿਜ਼ਰ ਦੇ ਰਹਿੰਦੇ ਨ ਇੱਕ ਤਿਲ ਦੇ।

ਕਮੀ ਉਹਨਾਂ ਨੂੰ ਉੱਕਾ ਨ ਕੋਈ ਰਹਿੰਦੀ,
ਸਾਰੇ ਬੰਧਣਾਂ ਤੋਂ ਉੱਚੇ ਹੋ ਜਾਵਣ।
ਗਦ ਗਦ ਹੋਏ ਉਹ ਫ਼ਿਰਨ ਜਹਾਨ ਅੰਦਰ,
ਦਰਸ਼ਨ ਕਰਦਿਆਂ ਪਾਪ ਸਭ ਧੋ ਜਾਵਣ।
ਗੁਰੂ ਚਰਨਾਂ ਵਿਚ ਬੈਠ ਕੇ ਬਚਨ ਸੁਣ ਕੇ,
ਸ਼ਹਿਦ ਕੰਨਾਂ ਦੇ ਵਿੱਚ ਸਮੋ ਜਾਵਣ।
ਜਨਮਾਂ ਜਨਮਾਂ ਦੀ ਰੀਝ ਹੋ ਜਾਏ ਪੂਰੀ,
ਚਰਨ ਸਤਿਗੁਰਾਂ ਦੇ ਜਦੋਂ ਛੋਹ ਜਾਵਣ।

ਪੰਜਾਂ ਵੈਰੀਆਂ ਤੋਂ ਹਾਰ ਨਹੀਂ ਹੁੰਦੀ,
ਸ਼ਕਤੀ ਐਸੀ ਪਰਦਾਨ ਫਿਰ ਹੋ ਜਾਵੇ।
ਜੀਵਨ ਵਿਚੋਂ ਸਭ ਉਲਝਣਾਂ ਖ਼ਤਮ ਹੋਵਣ,
ਨੇਕ ਨੀਅਤ ਹੋ ਸਤਿਗੁਰੂ ਸਰਨ ਆਵੇ।
ਜਾਂਦਾ ਜਿੱਤ ਹੈ ਸਾਰੇ ਜਹਾਨ ਤਾਈਂ,
ਜਿਹੜਾ ਸਤਿਗੁਰੂ ਤੋਂ ਦਿਲੋਂ ਹਾਰ ਖਾਵੇ।
ਆਪ ਤਰਦਾ ਏ ਨਾਲੇ ਕੁਲਾਂ ਤਾਰੇ,
ਲਾਈ ਲੱਗਦਿਆਂ ਤਾਈਂ ਵੀ ਤਾਰ ਜਾਵੇ।
***



Sri Satguru Jagjit Singh Ji Elibrary NamdhariElibrary@gmail.com

## ਕੀ ਭੇਟ ਚੜ੍ਹਾਈਏ

ਦਰਸ਼ਨ ਦੀ ਕੀ ਭੇਟ ਚੜ੍ਹਾਈਏ
ਸਿਫ਼ਤਾਂ ਕਿੰਨੀਆਂ ਕਰੀਏ,
ਕਿਹੜੇ ਬਾਗੋਂ ਫੁੱਲ ਤੋੜ ਕੇ
ਤੁਸਾਂ ਦੇ ਚਰਨੀ ਧਰੀਏ।

ਕਿਸ ਜੰਗਲ 'ਚੋਂ ਘੜੀਏ ਕਲਮਾਂ
ਸਾਗਰ ਦੀ ਲੈ ਸਿਆਹੀ,
ਸਾਰੀ ਧਰਤ ਬਣਾ ਕੇ ਕਾਗ਼ਜ
ਕਰੀਏ ਰੋਜ਼ ਲਿਖਾਈ।

ਫੇਰ ਵੀ ਸਿਫ਼ਤ ਲਿਖੀ ਨਹੀਂ ਜਾਣੀ,
ਰਹਿਣੀ ਬਹੁਤ ਅਧੂਰੀ,
ਕਿਹੜਾ ਜੰਮਿਆ ਸਿਫ਼ਤ ਆਪ ਦੀ,
ਕਰ ਸਕੇ ਜੋ ਪੂਰੀ।

ਵੱਡੇ ਵੱਡੇ ਵਿਦਵਾਨਾਂ ਪੰਡਤਾਂ
ਬੜੇ ਦਿਮਾਗ ਖਪਾਏ,
ਪਰ ਸਿਫ਼ਤਾਂ ਦੇ ਸਾਗਰ ਦੀ ਉਹ
ਤਹਿ ਤੱਕ ਪੁੱਜ ਨ ਪਾਏ।

ਮਹਿਮਾ ਅਪਰ ਅਪਾਰ ਤੁਹਾਡੀ
ਕੌਣ ਲਿਖੇ ਜਾਂ ਦੱਸੇ,
ਧਰਤੀ ਦੇ ਹਰ ਜ਼ੱਰੇ ਅੰਦਰ
ਵਾਂਗ ਮੋਤੀਆਂ ਵੱਸੇ।
***



Sri Satguru Jagjit Singh Ji Elibrary NamdhariElibrary@gmail.com

## ਦੁਬਿਧਾ ਦੂਰ ਕਰੋ

ਦਰਸ਼ਨ ਦੇ ਕੇ ਪਿਆਰੇ ਪ੍ਰੀਤਮ ਦੁਬਿਧਾ ਮਨ ਦੀ ਦੂਰ ਕਰੋ।
ਉਪਜੇ ਬੜੇ ਨੇ ਭਰਮ ਭੁਲੇਖੇ ਸਭ ਨੂੰ ਅੱਜ ਕਾਫ਼ੂਰ ਕਰੋ।

ਮਨਾਂ 'ਚ ਪਸਰੇ ਘੁੱਪ ਹਨ੍ਹੇਰੇ, ਕਰਨੇ ਤੁਸਾਂ ਹੀ ਹੈਣ ਸਵੇਰੇ,
ਫਿਰ ਫਿਰ ਆਏ ਚਾਰ ਚੁਫ਼ੇਰੇ, ਮਨਾਂ ਨੂੰ ਨੂਰੋ ਨੂਰ ਕਰੋ।

ਦਿਲ ਦੀ ਵੇਦਨ ਕਿਸਨੂੰ ਕਹੀਏ, ਕਿਹੜੇ ਬੂਹੇ 'ਤੇ ਜਾ ਬਹੀਏ,
ਕਿਉਂ ਨ ਏਸੇ ਦਰ 'ਤੇ ਰਹੀਏ, ਏਧਰ ਧਿਆਨ ਜ਼ਰੂਰ ਕਰੋ।

ਸਭ ਦਾ ਭਲਾ ਤੁਸੀਂ ਕਰ ਸਕਦੇ, ਕਿਸੇ ਦਾ ਦੁੱਖ ਨਹੀਂ ਜ਼ਰ ਸਕਦੇ,
ਅਸੀਂ ਨ ਅਰਜ਼ਾਂ ਕਰ ਕਰ ਥੱਕਦੇ, ਸਾਰੀਆਂ ਝੱਟ ਮਨਜ਼ੂਰ ਕਰੋ।

ਦਰਸ਼ਨ ਬਿਨ ਮਨ ਵਿਹੜਾ ਖਾਲੀ, ਪਸਰੀ ਮੱਸਿਆ ਰਾਤ ਹੈ ਕਾਲੀ,
ਆਓਗੇ ਤਾਂ ਬਣੇ ਦੀਵਾਲੀ, ਦਰਸ ਦੇ ਮਨ ਭਰਪੂਰ ਕਰੋ।

ਅਸੀਂ ਹਮੇਸ਼ਾ ਹਾਂ ਭੁੱਲਣਹਾਰੇ, ਤੁਸੀਂ ਹੋ ਸਦਾ ਹੀ ਬਖਸ਼ਣਹਾਰੇ,
ਤੁਸਾਂ ਤੋਂ ਜਾਈਏ ਵਾਰੇ ਵਾਰੇ, ਦੂਰ ਜ਼ਰੂਰ ਗ਼ਰੂਰ ਕਰੋ।

ਸੁੱਤੇ 'ਸਿੰਘ ਅਮਰੀਕ' ਜਗਾਵੋ, ਇਸ ਨੂੰ ਹੂਝਾ ਮਾਰ ਉਠਾਵੋ,
ਸਦਾ ਹੀ ਚਰਨੀ ਆਪਣੇ ਲਾਵੋ, ਸਾਰੇ ਦੂਰ ਫ਼ਤੂਰ ਕਰੋ।
***



Sri Satguru Jagjit Singh Ji Elibrary NamdhariElibrary@gmail.com

# ਰੱਜ ਰੱਜ ਦਰਸ਼ਨ ਕਰੀਏ

ਆਓ ਓਸ ਮਹਾਨ ਸ਼ਕਤੀ ਦੇ ਰੱਜ ਰੱਜ ਦਰਸ਼ਨ ਕਰੀਏ,
ਜਿੰਨ੍ਹਾਂ ਤਾਰ ਦਿੱਤੇ ਨੇ ਲੱਖਾਂ ਆਪਾਂ ਵੀ ਹੁਣ ਤਰੀਏ।
ਚੰਗਾ ਮੰਦਾ ਜੋ ਵੀ ਆ ਕੇ ਢਹਿ ਚਰਨੀ ਹੈ ਲੱਗਾ,
ਉਸ ਦਾ ਸਮਝੋ ਸੌਰ ਗਿਆ ਏ ਸਾਰਾ ਪਿਛਲਾ ਅੱਗਾ।

ਕੌਣ ਉਹਨਾ ਦੀ ਰੀਸ ਕਰੇਗਾ, ਇਸ ਦੁਨੀਆ ਦਾ ਵਾਸੀ,
ਪਦਵੀ ਉਸ ਦੀ ਕਰ ਦੇਂਦੇ ਨੇ ਸਭ ਤੋਂ ਉੱਚੀ ਖਾਸੀ।
ਲੜ ਲੱਗੇ ਦਾ ਪਾੜ ਨੇ ਦੇਂਦੇ, ਆਪਣੇ ਹੱਥੀਂ ਲੇਖਾ,
ਮੇਟ ਦੇਂਦੇ ਨੇ ਪਲਾਂ 'ਚ ਮਥਿਓਂ ਮੰਦ ਭਾਗਾਂ ਦੀ ਰੇਖਾ।

ਚਸ਼ਮੇ ਦੇ ਜਲ ਵਰਗਾ ਉਸਦਾ ਤਨ ਮਨ ਸਾਫ਼ ਹੋ ਜਾਵੇ,
ਬੱਜਰ ਪਾਪ ਵੀ ਇੱਕ ਨਜ਼ਰੇ ਹੀ ਬਿਲਕੁਲ ਭਸਮ ਹੋ ਜਾਵੇ।
ਤੀਰਥਾਂ ਉੱਤੇ ਧੱਕੇ ਖਾਣ ਦੀ ਅਸਲੋਂ ਲੋੜ ਨਾ ਰਹਿੰਦੀ,
ਨਰਕ ਦਾ ਡਰ ਤੇ ਸੁਰਗ ਦਾ ਲਾਲਚ ਮਨੋਂ ਹੈ ਤ੍ਰਿਸ਼ਨਾ ਲਹਿੰਦੀ।

ਫੁੱਲ ਵਰਗਾ ਉਹ ਖਿੜਿਆ ਰਹਿੰਦਾ ਵੰਡਦਾ ਹੈ ਖੁਸ਼ਬੋਆਂ,
ਦੂਰ ਦੂਰ ਤੱਕ ਪਹੁੰਚ ਜਾਂਦੀਆਂ ਮਹਿਕਦੀਆਂ ਕਨਸੋਆਂ।
ਤੂੰ ਵੀ ਤਾਂ 'ਅਮਰੀਕ ਸਿੰਘ' ਹੁਣ ਤੁਰ ਪੈ ਉਸਦੇ ਨਾਲੇ,
ਆਸੇ ਪਾਸੇ ਖੱਜਲ ਹੋ ਕੇ ਦਿਵਸ ਉਮਰ ਦੇ ਗਾਲੇ।
***



Sri Satguru Jagjit Singh Ji Elibrary NamdhariElibrary@gmail.com

## ਘੁੱਪ ਹਨ੍ਹੇਰਿਓ ਆਏ

ਭਟਕਦੇ ਘੁੱਪ ਹਨ੍ਹੇਰਿਓਂ ਆਏ,
ਦਰਸ਼ਨ ਕਰਕੇ ਹਾਂ ਰੁਸ਼ਨਾਏ।

ਚਿੰਤਾਵਾਂ ਵਿਚ ਘਿਰੇ ਪਏ ਸਾਂ,
ਫਿਕਰਾਂ ਦੇ ਹੁਣ ਲੱਥੇ ਸਾਏ।

ਸ਼ੱਕ ਸ਼ੁਭਿਆਂ ਦੇ ਭੂਤਾਂ ਤਾਈਂ,
ਦਰਸ਼ਨ ਕੀਤਾ ਦੂਰ ਭਜਾਏ।

ਗੰਗਾ ਜਮਨਾਂ ਸੰਗਮ ਨ੍ਹਾਤੇ,
ਬਿਨ ਦਰਸ਼ਨ ਪਰ ਮੈਲ ਨ ਜਾਏ।

ਤੁਸਾਂ ਦੀ ਭੇਟ ਦੱਸੋ ਕੀ ਕਰੀਏ,
ਕੋਈ ਵੀ ਵਸਤੂ ਮੇਲ ਨ ਖਾਏ।

ਗਰਜ਼ ਬਿਨਾਂ ਬੱਸ ਤੁਸੀਂ ਹੋ ਕੇਵਲ,
ਬੱਦਲ ਗਰਜ਼ ਦੇ ਹਰ ਥਾਂ ਛਾਏ।

ਇਸ ਦਰ ਦੇ ਹਾਂ ਸਭੀ ਭਿਖਾਰੀ,
ਹੋਰ ਨ ਕੋਈ ਭਿੱਛਿਆ ਪਾਏ।

ਦਰਸ਼ਨ ਕਰ 'ਅਮਰੀਕ ਸਿੰਘ' ਵੀ,
ਸੌ ਸੌ ਵਾਰ ਸਦੱਕੜੇ ਗਾਏ।
***



Sri Satguru Jagjit Singh Ji Elibrary NamdhariElibrary@gmail.com

## ਗੁਰ ਦਰਸ਼ਨ ਦੀ ਪਿਆਸ

ਲੱਗੀ ਗੁਰ ਦਰਸ਼ਨ ਦੀ ਪਿਆਸ, ਬੂਹੇ ਅੱਗੇ ਕਦੋਂ ਦਾ ਖੜ੍ਹਾ।
ਟੁੱਟ ਜਾਏ ਨ ਕਿਤੇ ਮੇਰੀ ਆਸ, ਬੂਹੇ ਅੱਗੇ ਕਦੋਂ ਦਾ ਖੜ੍ਹਾ।

ਉੱਤੋਂ ਪੈਂਦੀ ਧੁੱਪ ਥੱਲੇ ਧਰਤੀ ਵੀ ਤੱਤੀ ਏ,
ਹਵਾ ਵੀ ਏ ਤੱਤੀ ਜਿਦੀ ਤੇਜ਼ ਬੜੀ ਗਤੀ ਏ,
ਹੋ ਜਾਏ ਨ ਸਰੀਰ ਕਿਤੇ ਨਾਸ। ਬੂਹੇ ਅੱਗੇ ਕਦੋਂ ਦਾ ਖੜ੍ਹਾ...

ਸਾਰੇ ਸੰਸਾਰ ਦਾ ਮੈਂ ਛੱਡਿਆ ਲਟਾਕਾ ਏ,
ਤੁਸਾਂ ਤੋਂ ਬਗੈਰ ਮੇਰਾ ਕੌਣ ਹੁਣ ਰਾਖਾ ਏ,
ਹੋਇਆ ਬੈਠਾ ਹਾਂ ਮੈਂ ਬੜਾ ਹੀ ਨਿਰਾਸ। ਬੂਹੇ ਅੱਗੇ ਕਦੋਂ ਦਾ ਖੜ੍ਹਾ...

ਅਤਿ ਸੋਹਣੇ ਮੁੱਖੜੇ ਦੀ ਮਿਲ ਜੇ ਝਲਕ ਇੱਕ,
ਸੌਰ ਜਾਂਦੇ ਜਨਮ ਬੱਸ ਲੱਗਦੀ ਪਲਕ ਇੱਕ,
ਬਿਨਾਂ ਦੀਦ ਨਾ ਨਿੱਕਲ ਜਾਏ ਸੁਆਸ। ਬੂਹੇ ਅੱਗੇ ਕਦੋਂ ਦਾ ਖੜ੍ਹਾ...

ਬਾਹਾਂ ਵਿਚ ਘੁੱਟ ਲਵੋ ਜਾਵਾਂ ਹੋ ਪੁਨੀਤ ਮੈਂ,
ਤਪਦਾ ਏ ਸੀਨਾਂ ਹੋ ਜਾਵਾਂ ਠੰਢਾ ਸੀਤ ਮੈਂ,
ਬੜਾ ਹੋ ਗਿਆ ਉਡੀਕਦਾ ਉਦਾਸ। ਬੂਹੇ ਅੱਗੇ ਕਦੋਂ ਦਾ ਖੜ੍ਹਾ...

ਕਹੇ 'ਅਮਰੀਕ ਸਿੰਘ' ਦਾਸ ਤਿਹਾਰਾ ਏ,
ਦਰਸ਼ਨਾਂ ਬਗੈਰ ਹੁੰਦਾ ਉੱਕਾ ਨ ਗੁਜ਼ਾਰਾ ਏ,
ਉਹਦੀ ਅਰਜ਼ ਬੜੀ ਏ ਹੁਣ ਖ਼ਾਸ। ਬੂਹੇ ਅੱਗੇ ਕਦੋਂ ਦਾ ਖੜ੍ਹਾ...
***



Sri Satguru Jagjit Singh Ji Elibrary NamdhariElibrary@gmail.com

## ਅਸਾਂ ਗੁਰ ਦਰਬਾਰੇ

ਜਾਣਾ ਏ ਅਸਾਂ ਗੁਰ ਦਰਬਾਰੇ।
ਮਗਰੋਂ ਨ ਕੋਈ ਵਾਜਾਂ ਮਾਰੇ।

ਅਸੀਂ ਗੁਰੂ ਦੇ ਦਰਸ਼ਨ ਪਾਵਾਂਗੇ,
ਚਰਨਾਂ 'ਤੇ ਸੀਸ ਝੁਕਾਵਾਂਗੇ,
ਸਭੀ ਗੁਨਾਹ ਬਖਸ਼ਾਵਾਂਗੇ,
ਸੁਖ ਮਿਲਣ ਗੇ ਉੱਥੇ ਸਾਰੇ...

ਐਸਾ ਨਹੀਂ ਹੈ ਕਿਤੇ ਟਿਕਾਣਾ,
ਅਸਾਂ ਨਹੀਂ ਛੱਡ ਇਸਨੂੰ ਜਾਣਾ,
ਏਸੇ ਰੱਬ ਨੂੰ ਅਸਾਂ ਮਨਾਣਾ,
ਇਸਨੇ ਸਭ ਪਾਪੀ ਤਾਰੇ...

ਲੋਕਾਂ ਬੜੇ ਭੁਲੇਖੇ ਪਾਏ,
ਬੜੇ ਹੀ ਸ਼ਬਜ਼ ਬਾਗ ਦਿਖਾਏ,
ਨਿਕਲੇ ਸਭ ਬੱਦਲਾਂ ਦੇ ਸਾਏ,
ਤੋੜ ਗਏ ਸਭ ਕੌਲ ਕਰਾਰੇ...

ਆਖਣ ਅਸੀਂ ਹੀ ਅਸਲੀ ਰੱਬ ਹਾਂ,
ਮੁਕਤੀ ਅਸੀਂ ਦਿਵਾਂਦੇ ਝੱਬ ਹਾਂ,
ਸਾਰੇ ਨਿਕਲੇ ਬੇ ਇਤਬਾਰੇ...

ਕਿਸੇ ਜਾਲ ਵਿਚ ਅਸਾਂ ਨਹੀਂ ਫਸਣਾ,
ਦਿਲ ਦਾ ਭੇਤ ਕਦੇ ਨਹੀਂ ਦੱਸਣਾ,
ਭੰਬਲ ਭੂਸੇ ਪਾਣ ਇਹ ਸਾਰੇ...
ਜਾਣਾ ਏ ਅਸਾਂ ਗੁਰ ਦਰਬਾਰੇ।

***



Sri Satguru Jagjit Singh Ji Elibrary NamdhariElibrary@gmail.com

## ਵੱਸਦੇ ਰਹਿਣਾ

ਮਨ ਮੰਦਰ ਵਿਚ ਵੱਸਦੇ ਰਹਿਣਾ ਦੂਰ ਕਦੇ ਨਾ ਹੋਵੋ।
ਦਰਸ਼ਨ ਦੇ ਕੇ ਰੂਹ ਮੇਰੀ ਨੂੰ ਹੱਥੀਂ ਮਲ਼ ਮਲ਼ ਧੋਵੋ।

ਸੁਫ਼ਨੇ ਵਿਚ ਤਾਂ ਰੋਜ਼ ਹੋ ਆਉਂਦੇ ਸਾਖਸ਼ਾਤ ਵੀ ਆਵੋ,
ਪਾਰਸ ਹੋ ਛੋਹ ਇਸ ਦੇਹੀ ਨੂੰ ਲੋਹਿਓਂ ਲਾਲ ਬਣਾਵੋ।

ਭੁੱਲਣਹਾਰ ਹਾਂ ਤੁਸੀਂ ਅਭੁੱਲ ਹੋ, ਅਨਿਕ ਬਿਧੀ ਸਮਝਾਵੋ,
ਬਿੱਖੜੇ ਰਾਹੀਂ ਤੁਰ ਤੁਰ ਥੱਕਿਆ ਭੂਲੇ ਮਾਰਗ ਪਾਵੋ।

ਖੇਖਣਹਾਰ ਤਾਂ ਵੇਖੀ ਦੁਨੀਆ ਹੱਥ ਦੇ ਆਪ ਬਚਾਵੋ,
ਤੁਸੀਂ ਹੋ ਸਭ ਕੁਝ ਕਰਨੇ ਹਾਰੇ, ਕੋਲ ਬਹਾ ਸਮਝਾਵੋ।

ਕੌਣ ਹੈ ਏਥੇ ਸੰਗੀ ਸਾਥੀ ਬੁੱਕਲ ਵਿਚ ਲੁਕਾਵੇ,
ਮੰਝਧਾਰੀਂ ਹੈ ਘਿਰੀ ਇਨੱਈਆ ਕੰਢੇ ਇਸਨੂੰ ਲਾਵੋ।

ਤੁਸਾਂ ਦੇ ਹੁੰਦਿਆਂ ਡੁੱਬ ਨ ਜਾਏ, ਆਪਣਾ ਬਿਰਧ ਰਖਾਵੋ,
ਭਟਕ ਰਹੇ ਇਸ ਮਨ ਮੇਰੇ ਨੂੰ ਹੋਰ ਨਹੀਂ ਭਟਕਾਵੋ।

ਸੁਰਗ ਕਿਸੇ ਦੀ ਲੋੜ ਨਹੀਂ ਹੁਣ ਆਪਣੇ ਚਰਨ ਫੜਾਵੋ,
ਪੂਰਨਮਾਸ਼ੀ ਦੇ ਚੰਨ ਵਰਗਾ, ਮੁੱਖੜਾ ਨਹੀਂ ਛੁਪਾਵੋ।

ਹਰ ਪਾਸੇ ਤੋਂ ਧਿਆਨ ਹਟਾ ਕੇ ਆਪਣੇ ਵੱਲ ਕਰਾਵੋ,
ਦਰਸ਼ਨ ਬਿਨ ਧੀਰਜ ਨਾ ਆਵੇ, ਧੀਰਜ ਆਣ ਬਨ੍ਹਾਵੋ।

ਚਾਰ ਦਿਨਾਂ ਦੇ ਜੀਵਨ ਬਾਕੀ ਹੋਰ ਨਹੀਂ ਤੜਫਾਵੋ,
'ਸਿੰਘ ਅਮਰੀਕ' ਹੈ ਤੁਸਾਂ ਸਹਾਰੇ, ਆਪਣਾ ਦਾਸ ਬਣਾਵੋ।
***



Sri Satguru Jagjit Singh Ji Elibrary NamdhariElibrary@gmail.com

## ਹੋਰ ਜ਼ਿੰਦਾ ਰਹਿਣ ਦੇ

ਆਖਿਆ ਮੌਤੇ ਤੂੰ ਕੁਝ ਚਿਰ ਹੋਰ ਜ਼ਿੰਦਾ ਰਹਿਣ ਦੇ।
ਰੱਜ ਰੱਜ ਦੀਦਾਰ ਅੜੀਏ, ਹੋਰ ਵੀ ਕਰ ਲੈਣ ਦੇ।

ਬਚਨਾਂ ਦਾ ਅੰਮ੍ਰਿਤ ਮੈਂ ਹਾਲੇ ਹੋਰ ਕੁਝ ਚਿਰ ਪੀ ਲਵਾਂ,
ਚਿਹਰੇ ਰੱਬੀ ਰੂਪ ਨੂੰ ਮੈਂ ਵੇਖ ਕੁਝ ਚਿਰ ਜੀ ਲਵਾਂ,
ਕੋਲ ਚਰਨਾਂ ਦੇ ਵੀ ਮੈਨੂੰ ਹੋਰ ਕੁਝ ਚਿਰ ਬਹਿਣ ਦੇ...
ਰੱਜ ਰੱਜ ਦੀਦਾਰ ਅੜੀਏ, ਹੋਰ ਵੀ ਕਰ ਲੈਣ ਦੇ।

ਤੂੰ ਕੀਹ ਜਾਣੇ ਲਾਭ ਕੀਹ ਏ ਮਾਹੀ ਦੇ ਦੀਦਾਰ ਦਾ,
ਕੀ ਮਹੱਤਵ ਏ ਭਲਾ ਉਸ ਉੱਚੇ ਦਰਬਾਰ ਦਾ,
ਘੁੰਡੀ ਦਿਲ ਦੀ ਖੋਲ੍ਹ ਕੇ ਕੁਝ ਸੁਨਣ ਦੇ ਕੁਝ ਕਹਿਣ ਦੇ...
ਰੱਜ ਰੱਜ ਦੀਦਾਰ ਅੜੀਏ, ਹੋਰ ਵੀ ਕਰ ਲੈਣ ਦੇ।

ਛੱਡਣਾਂ ਤੂੰ ਨਹੀਂ ਕਿਸੇ ਨੂੰ ਹਰ ਕੋਈ ਹੈ ਜਾਣਦਾ,
ਟਾਲ ਕੁਝ ਚਿਰ ਪਰ ਹੈਂ ਸਕਦੀ, ਵਕਤ ਹਰ ਇਨਸਾਨ ਦਾ,
ਕੁਝ ਸਮਾਂ ਤਾਂ ਭੈੜੀਏ ਤੂੰ ਲੈਣ ਮੈਨੂੰ ਰੈਣ ਦੇ...
ਰੱਜ ਰੱਜ ਦੀਦਾਰ ਅੜੀਏ, ਹੋਰ ਵੀ ਕਰ ਲੈਣ ਦੇ।

ਮੰਨਿਆ ਕਿ ਤੂੰ ਸਿਕੰਦਰ ਨੂੰ ਨ ਦਿੱਤੀ ਇੱਕ ਘੜੀ,
ਮੁੱਕ ਗਿਆ ਉਹ ਰਾਹ ਦੇ ਵਿਚ ਹੀ ਬਣ ਗਈ ਉਸਦੀ ਮੜ੍ਹੀ,
ਦੇ ਕੇ ਮੈਨੂੰ ਕੁਝ ਸਮਾਂ ਇੱਕ ਨਵੀਂ ਪੱਧਤੀ ਪੈਣ ਦੇ...
ਰੱਜ ਰੱਜ ਦੀਦਾਰ ਅੜੀਏ, ਹੋਰ ਵੀ ਕਰ ਲੈਣ ਦੇ।

ਜੇ ਨ ਦਿੱਤਾ ਕੁਝ ਸਮਾਂ ਤਾਂ ਗੱਲ ਮੇਰੀ ਵੀ ਯਾਦ ਰੱਖ,
ਜਾਏਗੀ ਮੈਥੋਂ ਸਗਾੜੀ, ਵੇਖ ਚੰਗੀ ਕਿਹੜਾ ਪੱਖ,
ਨਾਲ 'ਸਿੰਘ ਅਮਰੀਕ' ਦੇ ਨ ਆਪਾ ਆਪਣਾ ਖਹਿਣ ਦੇ...
ਰੱਜ ਰੱਜ ਦੀਦਾਰ ਅੜੀਏ, ਹੋਰ ਵੀ ਕਰ ਲੈਣ ਦੇ।

***



Sri Satguru Jagjit Singh Ji Elibrary NamdhariElibrary@gmail.com

## ਸਦਾ ਏਸ ਵਿਚ ਵੱਸੋ

ਮਨ ਮੇਰਾ ਹੈ ਅਸਲੋਂ ਖਾਲੀ ਸਦਾ ਏਸ ਵਿੱਚ ਵੱਸੋ।
ਵਿਚ ਹਨ੍ਹੇਰੇ ਭਟਕ ਰਹੇ ਨੂੰ ਬਾਹੋਂ ਫੜ੍ਹ ਰਾਹ ਦੱਸੋ।

ਤੁਸਾਂ ਮੇਰੀ ਕਲਿਆਣ ਹੈ ਕਰਨੀ, ਹੋਰ ਕਿਤੇ ਨਾ ਜਾਣਾ,
ਮੇਰੀ ਓਟ ਹੋ ਆਪ ਸਦੀਵੀ, ਹੋਰ ਨ ਕੋਈ ਟਿਕਾਣਾ।

ਹਨੂੰਮਾਨ ਬਣ ਚੀਰ ਕੇ ਸੀਨਾ ਰਾਮ ਜੀ ਹੁਣੇ ਵਖਾਵਾਂ,
ਮੀਰਾ ਵਾਂਗ ਜ਼ਹਿਰ ਪਿਆਲਾ ਗਟ ਗਟ ਕਰ ਪੀ ਜਾਵਾਂ।

ਬਿਦਰ ਦੇ ਘਰ ਤੁਸੀਂ ਜਾ ਵੱਸੇ ਸੀ, ਸ੍ਰੀ ਕ੍ਰਿਸ਼ਨ ਬਣ ਆਓ,
ਭੀਲਣੀ ਦੇ ਤੁਸਾਂ ਬੇਰ ਸੀ ਖਾਧੇ, ਨਾਲ ਸਵਾਦਾਂ ਚਾਓ।

ਸੂਰ ਦਾਸ ਦੇ ਭਜਨ ਸੁਣੇ ਤਾਂ ਨੱਚ ਨੱਚ ਭਾਵੇ ਹੋਏ,
ਮਿਲਣ ਗਿਆ ਜਦ ਭਗਤ ਸੁਦਾਮਾ ਤੁਸੀਂ ਆਸਣ ਛੱਡ ਖਲੋਏ।

ਤਾਰ ਦਿੱਤੀ ਗਣਕਾ ਵਿਭਚਾਰਨ, ਹੱਥੀਂ ਦੇ ਕੇ ਤੋਤਾ,
ਅਰਜਨ ਨੂੰ ਜਾਂ ਦਿੱਤੀ ਦਲੇਰੀ ਹਾਰਿਆ ਉੱਠ ਖਲੋਤਾ।

ਕਿਹੜੇ ਕਿਹੜੇ ਦੱਸਾਂ ਜਿਨ੍ਹਾਂ ਨੂੰ ਭੀੜ ਪਿਆਂ ਨਹੀਂ ਔਪੜੇ,
ਲਾਜ ਦਰੋਪਦ ਦੀ ਰੱਖ ਲੀਤੀ, ਦੇ ਕੇ ਪੰਡਾਂ ਕੱਪੜੇ।

ਭਗਤ ਪ੍ਰਹਿਲਾਦ ਨੂੰ ਤੁਸਾਂ ਬਚਾਇਆ, ਕੋੜੀ ਬਣ ਵਿੱਚ ਥੰਮ੍ਹਾਂ,
'ਸਿੰਘ ਅਮਰੀਕ' ਵੀ ਏਸੇ ਤਰ੍ਹਾਂ ਹੀ ਤੁਸਾਂ 'ਤੇ ਰੱਖਦੇ ਹੰਮਾਂ।
***



Sri Satguru Jagjit Singh Ji Elibrary NamdhariElibrary@gmail.com

## ਤਰਸਦੈ ਸਾਰਾ ਜਹਾਂ

ਦਰਸ਼ਨਾ ਨੂੰ ਤਰਸਦੈ ਸਾਰਾ ਜਹਾਂ।
ਹਰ ਕੋਈ ਬੇ-ਚੈਨ ਹੈ ਉਸੇ ਤਰ੍ਹਾਂ।

ਇੰਤਜ਼ਾਰਾਂ ਦੀ ਵੀ ਕੋਈ ਹੱਦ ਹੈ,
ਮੁੱਕਣੀ, ਪੈਣੀ ਧੁਰੋਂ ਜਾਂ ਸੱਦ ਹੈ,
ਰਾਹਾਂ 'ਤੇ ਤਦ ਤੱਕ ਹੀ ਮੈਂ ਬੈਠਾ ਰਹਾਂ।

ਜਿਸ ਦੇ ਅੰਦਰ ਦਰਸ਼ਨਾਂ ਦੀ ਚਾਹ ਨਹੀਂ,
ਇੱਕ ਝਲਕ ਮਿਲ ਜਾਣ ਦਾ ਉਤਸ਼ਾਹ ਨਹੀਂ,
ਬੀਤਦਾ ਏ ਕਿਸ ਤਰ੍ਹਾਂ ਉਸ ਦਾ ਸਮਾਂ।

ਉਹ ਨੇ ਵਡ-ਭਾਗੇ ਜੋ ਦਰਸ਼ਨ ਲੋਚਦੇ,
ਹਰ ਘੜੀ ਹੀ ਚਰਨ ਪਰਸਨ ਲੋਚਦੇ,
ਹੋਰ ਲਾਲਚ ਮੁੱਕਦੇ ਨਾਲੇ ਤਮਾਂ।

ਏਥੇ, ਓਥੇ, ਹੁੰਦੇ ਨੇ ਉਹ ਸੁਰਖਰੂ,
ਹੋ ਪਵਿੱਤਰ ਜਾਂਦੀ ਏ ਉਹਨਾਂ ਦੀ ਰੂਹ,
ਭਾਰ ਲਹਿ ਜਾਂਦਾ ਏ ਸਿਰ ਤੋਂ ਸੈ ਮਣਾਂ।

ਉਹ ਤਾਂ ਪੂਜਣ ਯੋਗ ਸਭ ਇਨਸਾਨ ਹਨ,
ਹੁੰਦੇ ਗੁਰ ਚਰਨਾਂ 'ਤੇ ਜੋ ਪਰਵਾਨ ਹਨ,
ਮਾਣ ਸਭ ਸੰਸਾਰ ਵਿਚ ਹੋਵੇ ਘਣਾਂ।

ਆਓ ਕੁਝ ਸਮਝਾਓ 'ਸਿੰਘ ਅਮਰੀਕ' ਨੂੰ,
ਛੱਡ ਨ ਦੇਵੇ ਕਿਤੇ ਗੁਰ ਲੀਕ ਨੂੰ,
ਹੋਰ ਪਾਸੇ ਜਾਣੋਂ ਕਰ ਦਈਏ ਮਨ੍ਹਾ।

***



Sri Satguru Jagjit Singh Ji Elibrary NamdhariElibrary@gmail.com

# ਕਰੋ ਮਿਹਰ

ਕਰੋ ਮਿਹਰ ਦੀਦਾਰ ਦੀ ਦਾਤ ਬਖਸ਼ੋ।
ਅਮਾਵਾਸ ਦੀ ਰਾਤੇ ਪੂਨਮ ਰਾਤ ਬਖ਼ਸ਼ੋ।

ਉਹ ਕਿਹੜਾ ਹੈ ਕੰਮ ਜੋ ਤੁਸੀਂ ਕਰ ਨਹੀਂ ਸਕਦੇ,
ਉਹ ਸੰਕਟ ਹੈ ਕਿਹੜਾ ਜੋ ਤੁਸੀਂ ਹਰ ਨਹੀਂ ਸਕਦੇ,
ਦਰਸ ਦੇ ਕੇ ਕੋਈ ਕਰਾਮਾਤ ਬਖ਼ਸ਼ੋ....
ਕਰੋ ਮਿਹਰ ਦੀਦਾਰ ਦੀ ਦਾਤ ਬਖਸ਼ੋ।

ਤੁਸਾਂ ਵਰਗਾ ਕੋਈ ਨਹੀਂ ਹੈ ਦਿਆਲੂ,
ਹੈ ਕੋਈ ਜੋ ਸਾਰੀ ਲੁਕਾਈ ਸੰਭਾਲੂ,
ਤੁਸੀਂ ਨੂਰੀ ਚਿਹਰੇ ਦੀ ਇੱਕ ਝਾਤ ਬਖ਼ਸ਼ੋ...
ਕਰੋ ਮਿਹਰ ਦੀਦਾਰ ਦੀ ਦਾਤ ਬਖਸ਼ੋ।

ਤੁਸਾਂ ਬਿਨਾਂ ਕਿਸ ਅਰਜ਼ ਸੁਣਨੀ ਨਾ ਸਾਡੀ,
ਨ ਹੋਈ ਨਜ਼ਰ ਰਹਿ ਹੀ ਜਾਈਏ ਨਾ ਡਾਢੀ,
ਹਲਾ ਸ਼ੇਰੀ ਦੀ ਇੱਕ ਤਾਂ ਸੌਗਾਤ ਬਖਸ਼ੋ...
ਕਰੋ ਮਿਹਰ ਦੀਦਾਰ ਦੀ ਦਾਤ ਬਖਸ਼ੋ।

ਚਰਨ ਕੰਵਲਾਂ ਦੀ ਸਾਨੂੰ ਦੇਵੋ ਹਜ਼ੂਰੀ,
ਹੈ ਜੀਵਨ ਲਈ ਜੋ ਬੜੀ ਹੀ ਜ਼ਰੂਰੀ,
ਉਦਾਸੇ ਬੜੇ ਸਾਵੇਂ ਹਾਲਾਤ ਬਖ਼ਸ਼ੋ...
ਕਰੋ ਮਿਹਰ ਦੀਦਾਰ ਦੀ ਦਾਤ ਬਖਸ਼ੋ।

ਕਰੋ 'ਸਿੰਘ ਅਮਰੀਕ' 'ਤੇ ਮਿਹਰਬਾਨੀ,
ਬੜੀ ਥਾਂ-ਥਾਂ ਦੀ ਇਸ ਨੇ ਹੈ ਖਾਕ ਛਾਣੀ,
ਭਰੋਸੇ ਪਕੇਰੇ ਦੀ ਔਕਾਤ ਬਖ਼ਸ਼ੋ...
ਕਰੋ ਮਿਹਰ ਦੀਦਾਰ ਦੀ ਦਾਤ ਬਖਸ਼ੋ।

***



Sri Satguru Jagjit Singh Ji Elibrary NamdhariElibrary@gmail.com

## ਕਦਰ ਜਿਸਨੇ ਗੁਰ ਦਰਸ਼ਨਾਂ ਦੀ

ਕਦਰ ਜਿਸ ਨੇ ਗੁਰ ਦਰਸ਼ਨਾਂ ਦੀ ਹੈ ਜਾਣੀ।
ਸਫ਼ਲ ਜ਼ਿੰਦਗੀ ਦੀ ਹੈ ਇਹ ਹੀ ਨਿਸ਼ਾਨੀ।

ਉਹ ਸਭ ਰੋਗਾਂ ਸੋਗਾਂ ਤੋਂ ਬਚ ਜਾਂਦੇ ਪੂਰਾ,
ਕੋਈ ਕੰਮ ਵੀ ਉਸਦਾ ਨ ਰਹਿੰਦਾ ਅਧੂਰਾ,
ਕਿਸੇ ਪਾਸਿਓਂ ਵੀ ਨ ਹੁੰਦੀ ਏ ਹਾਨੀ...

ਜੋ ਲੈਂਦਾ ਏ ਪੂਰੇ ਗੁਰਾਂ ਦਾ ਸਹਾਰਾ,
ਚਮਕਦਾ ਏ ਆਕਾਸ਼ 'ਤੇ ਬਣ ਸਿਤਾਰਾ,
ਕਦੇ ਜੀਵਨ ਵਿਚ ਨੂੰ ਮਿਲੇ ਪਰੇਸ਼ਾਨੀ...

ਨਹੀਂ ਰਹਿੰਦੀ ਮਨ ਵਿਚ ਕਪਟ ਦੀ ਬੀਮਾਰੀ,
ਤੇ ਧੁਪ ਜਾਂਦੀ ਜਨਮਾਂ ਦੀ ਹੈ ਮੈਲ਼ ਸਾਰੀ,
ਹੈ ਤੱਕ ਉਸਨੂੰ ਹੁੰਦੀ ਜਗਤ ਨੂੰ ਹੈਰਾਨੀ...

ਸਭੀ ਉਲਝਣਾਂ ਤੋਂ ਹੈ ਮਿਲ ਜਾਂਦੀ ਮੁਕਤੀ,
ਗੁਰੂ ਘਰ ਤੋਂ ਹੀ ਮਿਲਣੀ ਮੁਕਤੀ ਦੀ ਜੁਗਤੀ,
ਸਫ਼ਲ ਹੁੰਦਾ ਬਚਪਨ ਬੁਢੇਪਾ ਜਵਾਨੀ...

ਕਿਸੇ ਹੋਰ ਦਰ 'ਤੇ ਉਹ ਛੱਡ ਦੇਂਦੇ ਜਾਣਾ,
ਕਿਸੇ ਹੋਰ ਤੀਰਥ 'ਤੇ ਮੱਥਾ ਘਸਾਣਾ,
ਕਦੇ ਉਸ ਨ ਦਰ ਦਰ ਦੀ ਹੈ ਖਾਕ ਛਾਣੀ...

ਤੂੰ 'ਅਮਰੀਕ ਸਿੰਘ' ਬਾਤ ਮੰਨ ਇੱਕ ਮੇਰੀ,
ਕਿਸੇ ਬਖ਼ਸ਼ੇ ਹੋਏ ਦੇ ਚਰਨੀ ਹੋ ਢੇਰੀ,
ਬਖ਼ਸ਼ਿਆ ਤੂੰ ਜਾਏਂਗਾ ਜੋ ਗੱਲ ਮੇਰੀ ਮਾਨੀ...
ਕਦਰ ਜਿਸ ਨੇ ਗੁਰ ਦਰਸ਼ਨਾਂ ਦੀ ਹੈ ਜਾਣੀ।

***



Sri Satguru Jagjit Singh Ji Elibrary NamdhariElibrary@gmail.com

## ਕੋਈ ਨਹੀਂ ਹੈ ਮੇਰਾ

ਤੁਸਾਂ ਬਿਨਾ ਇਸ ਦੁਨੀਆਂ ਅੰਦਰ,
ਕੋਈ ਨਹੀਂ ਹੈ ਮੇਰਾ।

ਦਰਸ਼ਨ ਕਰਕੇ ਹੋ ਜਾਂਦਾ ਏ,
ਦਿਲ ਦਾ ਦੂਰ ਹਨ੍ਹੇਰਾ।

ਮੇਰੇ ਜਹੇ ਲੱਖਾਂ ਦਾ ਕੀਤਾ,
ਜੀਵਨ ਬਹੁਤ ਉਚੇਰਾ।

ਹਰ ਉਲਝਨ ਸੁਲਝਾ ਦੇਂਦੇ ਹੋ,
ਕਰਕੇ ਜਤਨ ਵਧੇਰਾ।

ਜਿੱਥੇ ਚਰਨ ਤੁਸੀਂ ਪਾ ਦੇਵੋ,
ਰਾਤੀਂ ਹੋਏ ਸਵੇਰਾ।

ਜਿਸ 'ਤੇ ਬਖਸ਼ਸ਼ ਕਰ ਦੇਂਦੇ ਹੋ,
ਰਹਿੰਦਾ ਨਹੀਂ ਔਖੇਰਾ।

ਗੁਣ ਹੀਣਾ ਵੀ ਚਰਨੀ ਲੱਗਕੇ,
ਹੋਵੇ ਗੁਣੀ ਗਹੀਰਾ।

ਕੀਤਾ ਜੇ 'ਅਮਰੀਕ ਸਿੰਘ' ਨੂੰ,
ਔਖਿਓਂ ਅਤੀ ਸੁਖੇਰਾ।
***



Sri Satguru Jagjit Singh Ji Elibrary NamdhariElibrary@gmail.com

## ਮੇਰੇ ਜਿਹਾਂ ਨੂੰ ਦਰਸ਼ਨ ਦੇਕੇ

ਮੇਰੇ ਜਿਹਾਂ ਨੂੰ ਦਰਸ਼ਨ ਦੇ ਕੇ ਹੱਦੋਂ ਵੱਧ ਕਰ ਜਾਂਦੇ ਹੋ।
ਸਾਰੇ ਦੁਖੀਆਂ ਨੂੰ ਸੁਖ ਦੇ ਕੇ ਖੁਸ਼ੀਆਂ ਬਹੁਤ ਮਨਾਂਦੇ ਹੋ।

ਤੁਸਾਂ ਬੇਲੱਜਿਆਂ ਦੀ ਲੱਜ ਪਾਲੀ, ਕੀਤੀ ਸਭ ਦੀ ਜਾਨ ਸੁਖਾਲੀ,
ਕੀਤੀ ਹਰ ਪੱਖੋਂ ਰਖਵਾਲੀ, ਨਹੀਂ ਹਸਾਨ ਜਤਾਂਦੇ ਹੋ।

ਕੋਈ ਜੇ ਰੋਂਦਾ ਦਰ 'ਤੇ ਆਵੇ, ਖਿੜ ਖਿੜ ਹੱਸਦਾ ਘਰ ਨੂੰ ਜਾਵੇ,
ਉਸਦੇ ਮੁੱਕਦੇ ਹੌਕੇ ਹਾਵੇ, ਐਸੀ ਧੀਰ ਬਨ੍ਹਾਂਦੇ ਹੋ।

ਨਹੀਂ ਨਹੀਂ ਕਰਿਝਦੇ ਕਿਸੇ 'ਤੇ ਵੇਖੇ, ਦੇਂਦੇ ਪਾੜ ਹੋ ਸਾਰੇ ਲੇਖੇ,
ਦੂਰ ਕਰੋ ਨੇ ਭਰਮ ਭੁਲੇਖੇ, ਬੜਾ ਹੀ ਪਿਆਰ ਜਤਾਂਦੇ ਹੋ।

ਕੌਤਕ ਤੁਸਾਂ ਦੇ ਅਤੀ ਅਨੋਖੇ, ਕਿਸ ਨੂੰ ਕਰੋ ਨਾ ਅੱਖੋਂ ਪਰੋਖੇ,
ਰੋਂਦੇ ਹੋਇਆਂ ਦੇ ਹੰਝੂ ਸੋਖੇ, ਗ਼ਮਾਂ ਨੂੰ ਦੂਰ ਭਜਾਂਦੇ ਹੋ।

'ਸਿੱਘ ਅਮਰੀਕ' 'ਤੇ ਕਿਰਪਾ ਕੀਤੀ, ਉੱਡ ਗਈ ਏ ਬੇਪਰਤੀਤੀ,
ਮਨ ਵਿੱਚ ਰਹੀ ਨ ਕੋਈ ਪਲੀਤੀ, ਕੋਲ ਬਿਠਾ ਸਮਝਾਂਦੇ ਹੋ।

ਹੋਰ ਨਾ ਦਿੱਸੇ ਕੋਈ ਦੁਆਰਾ ਦਿਲ ਨੂੰ ਜਿੱਥੇ ਮਿਲੇ ਸਹਾਰਾ,
ਤੁਸੀਂ ਹੀ ਚਾਨਣ ਉੱਚ ਮੁਨਾਰਾ, ਸਿੱਧਾ ਰਾਹ ਵਖਾਂਦੇ ਹੋ।

***



Sri Satguru Jagjit Singh Ji Elibrary NamdhariElibrary@gmail.com

## ਦਰਸ਼ਨ ਦੋਹੇ (੧)

ਦਰਸ਼ਨ ਕੀਤਾ ਜਦੋਂ ਦਾ ਸੀਨਾ ਹੋਇਆ ਸ਼ੁੱਧ।
ਦੁਰਮਤ ਹੋਈ ਦੂਰ ਹੈ ਸ਼ੁੱਧ ਹੋਈ ਏ ਬੁੱਧ।

ਚਰਨਾਂ ਦੇ ਵਿਚ ਬੈਠ ਕੇ ਜਦੋਂ ਝੁਕਾਈ ਧੌਣ।
ਇਤਨਾਂ ਉੱਚਾ ਹੋ ਗਿਆ ਰੀਸ ਕਰੇਗਾ ਕੌਣ।

ਨਾਲ ਸੱਚੀ ਸਰਕਾਰ ਦੇ ਅੱਖਾਂ ਹੋਈਆਂ ਚਾਰ।
ਭਰਮ ਭੁਲੇਖੇ ਉੱਡ ਕੇ ਗਏ ਸਮੁੰਦਰੋਂ ਪਾਰ।

ਸਿਰ ਮੇਰੇ 'ਤੇ ਰੱਖਿਆ ਮਿਹਰਾਂ ਭਰਿਆ ਹੱਥ।
ਤਨ ਮਨ ਠੰਢਾ ਹੋ ਗਿਆ ਮਿਲਿਆ ਚੈਣ ਅਕੱਥ।

ਬਚਨ ਸੁਣੇ ਤਾਂ ਹੋ ਗਿਆ ਅਤੀ ਨਿਹਾਲ ਨਿਹਾਲ।
ਵਰ ਦਿੱਤੇ ਨੇ ਏਤਨੇ ਵਾਲ ਵਾਲ ਖੁਸ਼ਹਾਲ।

ਬਾਹਾਂ ਵਿੱਚ ਜਾਂ ਘੁੱਟਿਆ ਲੱਥੇ ਆਲ ਜੰਜਾਲ।
ਜੀਵਨ ਵਿੱਚ ਨਹੀਂ ਰਹਿ ਗਿਆ ਅਸਲੋਂ ਕੋਈ ਬਵਾਲ।

ਕੀਹ ਦੱਸਾਂ ਕਿ ਕਿਸ ਤਰ੍ਹਾਂ ਦਿੱਤਾ ਜਨਮ ਸੁਆਰ।
ਉਮਰਾਂ ਭਰ ਨਹੀਂ ਹੋਵਣਾਂ ਮੈਂ ਹੁਣ ਕਦੇ ਖੁਆਰ।

ਕੈਸਾ ਕ੍ਰਿਸ਼ਮਾ ਹੋ ਗਿਆ ਹੋਈ ਏ ਕਰਾਮਾਤ।
ਹਰ ਦਿਨ ਮੇਰਾ ਸੁਖੀ ਹੈ ਬੜੀ ਸੁਖੀ ਹੈ ਰਾਤ।

ਮੇਰੀ ਇਤਨੀ ਘਾਲ ਨਹੀਂ ਜਿਤਨੀ ਬਖਸ਼ੀ ਦਾਤ।
ਹਰ ਔਕੜ ਨੂੰ ਪਾ ਦਿੱਤੀ ਪਲਾਂ ਵਿਚ ਹੈ ਮਾਤ।

ਵੇਖ ਕੇ ਮੈਨੂੰ ਹੋ ਰਹੇ ਸਾਰੇ ਲੋਕ ਹੈਰਾਨ।
ਕਿਸ ਨੇ ਤੇਰੀ ਕਰ ਦਿੱਤੀ ਪੂਰੀ ਹੈ ਕਲਿਆਣ।
***



Sri Satguru Jagjit Singh Ji Elibrary NamdhariElibrary@gmail.com

## ਦੋਹੇ (੨)

ਮੈਂ ਕਹਿੰਦਾ ਹਾਂ ਕਮਲਿਓ! ਮੇਰੇ ਗੁਰੂ ਮਹਾਨ।
ਜਿਨ੍ਹਾਂ ਨੇ ਮੇਰੀ ਕਰ ਦਿੱਤੀ ਜੱਗੋਂ ਉੱਚੀ ਸ਼ਾਨ।

ਨਾ ਕੋਈ ਹੈ ਵਿਦਵਤਾ ਨਾ ਹੈ ਗੂੜ੍ਹ ਗਿਆਨ।
ਫੇਰ ਵੀ ਮੈਂ ਹਾਂ ਹੋ ਗਿਆ ਉਸ ਦਰ 'ਤੇ ਪਰਵਾਨ।

ਵਾਲ ਵਾਲ ਹੈ ਹੋ ਰਿਹਾ ਮੇਰਾ ਸ਼ੁਕਰ ਗੁਜ਼ਾਰ।
ਜਿੰਨ੍ਹਾਂ ਮੇਰੀ ਸੁਣ ਲਈ ਛੇਤੀ ਹਾਲ ਪੁਕਾਰ।

ਹੋਰ ਨਹੀਂ ਕੁਝ ਚਾਹੀਦਾ ਬੱਸ ਦਰਸ਼ਨ ਦੀ ਲੋੜ।
ਚਰਨਾਂ ਨਾਲ ਹਮੇਸ਼ ਹੀ ਰੱਖਿਓ ਮੈਨੂੰ ਜੋੜ।

ਮੈਨੂੰ ਹੀ ਨਹੀਂ ਬਖਸ਼ਿਆ ਬਖ਼ਸ਼ੇ ਲੱਖ ਕਰੋੜ।
ਅਣਗਿਣਤਾਂ ਦੀ ਜ਼ਿੰਦਗੀ ਵਿਚ ਲਿਆਂਦਾ ਮੋੜ।

ਜਿਸਨੂੰ ਪੁੱਛੋ ਕਹਿ ਰਿਹਾ ਮੇਰੇ ਵੱਧ ਨਜ਼ਦੀਕ।
ਉਹ ਨੇ ਸਾਂਝੇ ਸਭਨ ਦੇ ਕਹਿੰਦੇ ਲੋਕ ਨੇ ਠੀਕ।

ਕਿਸੇ ਨੂੰ ਬਣ ਜੈ ਭੀੜ ਤਾਂ ਛੱਡ ਕੰਮ ਆਉਣ ਜ਼ਰੂਰ।
ਬਾਹੋਂ ਫੜ੍ਹ ਕੇ ਦੁੱਖਾਂ ਦੇ ਸਾਗਰ ਕਰਨ ਅਬੂਰ।

ਉੱਚਿਆਂ ਨੂੰ ਨੀਵਾਂ ਕਰਨ ਨੀਂਵਿਆਂ ਨੂੰ ਉਚਿਆਣ।
ਹਰ ਬੰਦੇ ਨੂੰ ਦੇ ਰਹੇ ਪੂਰਾ ਹੀ ਸਨਮਾਨ।

ਦੋਖੀ ਨਹੀ ਉਹ ਕਿਸੇ ਦੇ ਦੂਰ ਕਰਨ ਸਭ ਦੁੱਖ।
ਦਰਸ਼ਨ ਕਰਕੇ ਉੱਤਰਦੀ ਜਨਮ ਜਨਮ ਦੀ ਭੁੱਖ।

ਕਰ ਕਮਲਾਂ ਦੇ ਨਾਲ ਉਹ ਜਿਸ ਨੂੰ ਲੈਂਦੇ ਛੋਹ।
ਕੋਈ ਇਲਾਮਤ ਜਗਤ ਦੀ ਕਦੇ ਨ ਸਕਦੀ ਪੋਹ।

***



Sri Satguru Jagjit Singh Ji Elibrary NamdhariElibrary@gmail.com

## ਦੋਹੇ (੩)

ਸਰਨ ਪਿਆਂ ਦੀ ਰੱਖਦੇ ਪੈਰ ਪੈਰ 'ਤੇ ਲਾਜ।
ਐਵੇਂ ਤਾਂ ਨਹੀਂ ਆਖਦੇ ਹੈਣ ਗਰੀਬ ਨਿਵਾਜ਼।

ਭਗਤ ਸੁਦਾਮੇ ਜਿਹੇ ਵੀ ਤਾਰੇ ਤੁਸਾਂ ਅਨੇਕ।
ਛੱਡ ਸਿੰਘਾਸਣ ਆ ਮਿਲੇ ਲਾਇਆ ਪਲ ਨ ਏਕ।

ਪਤਾ ਨਹੀਂ ਤੁਸੀਂ ਕਿਸ ਤਰ੍ਹਾਂ ਜਗਤ ਰਹੇ ਹੋ ਪਾਲ।
ਬਿਨਾਂ ਸੱਦਿਆਂ ਪੁੱਛ ਲਵੇ ਸਭ ਦਾ ਹਾਲ ਹਵਾਲ।

ਪਾਂਡਵ ਸਭ ਕੁਝ ਹਾਰਿਆ ਨਾਲ ਦਰੋਪਦ ਨਾਰ।
ਪੰਡਾਂ ਬੰਨ੍ਹ ਕੇ ਕੱਪੜੇ ਦਿੱਤੇ ਸੁਣੀ ਪੁਕਾਰ।

ਕੀੜੀ ਬਣ ਕੇ ਥੰਮ੍ਹ ਨੂੰ ਠੰਢਾ ਕੀਤਾ ਝੱਟ।
ਪਾ ਜੱਫੀ ਪ੍ਰਹਿਲਾਦ ਨੇ ਪਾਸਾ ਦਿੱਤਾ ਪਲੱਟ।

ਕਿਸ ਕਿਸ ਦੀ ਮੈਂ ਗੱਲ ਕਰਾਂ ਗਿਣੇ ਨ ਮੈਥੋਂ ਜਾਣ।
ਇਸ ਦਰੋਂ ਜੋ ਪਾ ਗਏ ਪੂਰਾ ਮਾਣ-ਸਨਮਾਨ।

ਨਾਮ ਜਿਨ੍ਹਾਂ ਦਾ ਲੈਂਦਿਆਂ ਪੂਰੀ ਪੈਂਦੀ ਠੰਢ।
ਉਹਨਾਂ ਨੂੰ ਸਤਿਕਾਰੀਏ ਮਨੋਂ ਖੋਲ੍ਹਕੇ ਗੰਢ।

ਦੀਪਕ ਜੀਕਰ ਕਮਰਿਓਂ ਕਰਦੇ ਦੂਰ ਹਨ੍ਹੇਰ।
ਤਿਵੇਂ ਉਹ ਦਰਸ਼ਨ ਦੇਣ ਜਾਂ ਰਾਤਾਂ ਹੋਣ ਸਵੇਰ।

ਦੇਵਣ ਮਾਣ ਨਿਮਾਣਿਆਂ ਅਤੇ ਨਿਤਾਣੇ ਤਾਣ।
ਨਿਘਰਿਆਂ ਘਰ ਬਖ਼ਸ਼ਣਾਂ ਹੈ ਉਹਨਾਂ ਦੀ ਬਾਣ।

ਓਟ ਬਿਨਾਂ ਜੋ ਜੀ ਰਹੇ ਬਖ਼ਸ਼ਣ ਆਪਣੀ ਓਟ।
ਵਿਗੜੀ ਕਿਸਮਤ ਸੌਰ ਦੀ ਹਰ ਕੰਮ ਆਵੇ ਲੋਟ।
***



Sri Satguru Jagjit Singh Ji Elibrary NamdhariElibrary@gmail.com

## ਦੋਹੇ (8)

ਇਸ ਸੱਚਾ ਦਰ ਛੱਡ ਕੇ ਕਿਸ ਦਰ ਜਾਈਏ ਹੋਰ।
ਹਰ ਪਾਸੇ ਪਾਖੰਡ ਹੈ ਬੈਠੇ ਤਸਕਰ ਚੋਰ।

ਕਰੇਗਾ ਕੌਣ ਬਰਾਬਰੀ ਤੁਸਾਂ ਦੀ ਵਿੱਚ ਜਹਾਨ।
ਆਪ ਤਾਂ ਬੇ-ਮਿਸਾਲ ਹੋ ਕੀਹ ਦੇਣਾ ਪਰਮਾਣ।

ਸ਼ਾਮ ਸਵੇਰੇ ਦਿਨ ਤੇ ਰਾਤੀਂ ਆਪ ਨੂੰ ਰੱਖਣ ਯਾਦ।
ਜੀਵਨ ਮੁਕਤ ਉਹ ਜਾਣੀਏ ਰਹਿਣ ਸਦਾ ਵਿਸਮਾਦ।

ਤੁਸੀਂ ਅਕੱਥ ਸਮਰੱਥ ਹੋ ਮੈਂ ਸਮਰੱਥਾ ਹੀਣ।
ਫ਼ਿਰ ਵੀ ਮੈਨੂੰ ਕਰ ਦਿੱਤਾ ਪੂਰਾ ਹੈ ਪਰਬੀਣ।

ਏਸ ਦੁਆਰੇ ਆਣ ਕੇ ਹੋਣੀ ਕਰੇ ਸਲਾਮ।
ਨਜ਼ਰ ਕਰੋ ਜਿਤ ਵੱਲ ਤੁਸੀਂ ਹੋਣੀ ਕਰਦੀ ਲ੍ਹਾਮ।

ਤੁਸਾਂ ਸਿਖਾਇਆ ਅਸਲ ਵਿਚ ਸੁਖੀ ਜੀਣ ਦਾ ਢੰਗ।
ਅਣ-ਜਾਣੇ ਵਿਚ ਹੋ ਰਿਹਾ ਮੈਂ ਸਾਂ ਬੜਾ ਹੀ ਤੰਗ।

ਜਿਸ ਧਰਤੀ 'ਤੇ ਰੱਖਿਆ ਤੁਸਾਂ ਪਵਿੱਤਰ ਚਰਨ।
ਦੂਰੋਂ ਦੂਰੋਂ ਆਣ ਕੇ ਲੋਕ ਸਲਾਮਾਂ ਕਰਨ।

ਤੁਰੇ ਹੋ ਫ਼ਿਰਦੇ ਰਾਤ ਦਿਨ ਘੜੀ ਨਹੀਂ ਆਰਾਮ।
ਸੰਗਤ ਦੇ ਸੁਖ ਵਾਸਤੇ ਛੱਡਿਆ ਹੈ ਬਿਸਰਾਮ।

ਦਰਸ਼ਨ ਖਾਤਰ ਰਾਹਾਂ ਉੱਤੇ ਰਹਿਣ ਖੜ੍ਹੇ ਸਭ ਲੋਕ।
ਚੁੱਕ ਚੁੱਕ ਅੱਡੀਆਂ ਵੇਖਦੇ ਲਗਾਤਾਰ ਬਿਨ ਰੋਕ।

ਤਰਸਣ ਮੱਥੇ ਲਾਣ ਨੂੰ ਗੁਰਚਰਨਾਂ ਦੀ ਧੂੜ।
ਮਿਲੇ ਤਾਂ ਚੜ੍ਹਦਾ ਸਭਨ ਨੂੰ ਰੱਬੀ ਰੰਗ ਹੈ ਗੂੜ੍ਹ।
***



Sri Satguru Jagjit Singh Ji Elibrary NamdhariElibrary@gmail.com

## ਦੋਹੇ (੫)

ਗੁਰ ਚਰਨਾਂ ਵਿੱਚ ਚੱਲ ਕੇ ਆਓ ਝੁਕਾਈਏ ਸੀਸ।
ਕਾਇਆ ਪਲਟ ਹੋ ਜਾਏ ਗੀ ਦੇਣਗੇ ਜਦੋਂ ਅਸੀਸ।

ਮਨ ਦੀ ਵੇਦਨ ਤੁਸਾਂ ਬਿਨ ਦੱਸੋ ਕਹੀਏ ਕਿਸ।
ਚਰਨਾਂ ਦੇ ਵਿੱਚ ਜਾਏ ਕੇ ਅਸਲੋਂ ਪਈਏ ਫਿੱਸ।

ਦਰ ਦਰ ਰੁਲਦੇ ਫਿਰਦਿਆਂ ਦਿੱਤੀ ਤੁਸਾਂ ਪਨਾਹ।
ਪੀੜ੍ਹੀਆਂ ਤੰਗੀ ਝਲਦੀਆਂ ਸੁਖ ਦਾ ਆਇਆ ਸਾਹ।

ਜਿਸ ਦੇ ਮੋਢੇ ਰੱਖਿਆ ਤੁਸਾਂ ਪਵਿੱਤਰ ਹੱਥ।
ਉਸ ਨੂੰ ਸਮਝੋ ਮਿਲ ਗਈ ਦੁਨੀਆ ਦੀ ਹਰ ਵੱਥ।

ਖੱਜਲ ਹੁੰਦਿਆਂ ਦਿਸ ਪਿਆ ਜਦੋਂ ਗੁਰੂ ਦਰਬਾਰ।
ਏਥੇ ਆਇਆਂ ਹੋ ਗਿਆ ਛੇਤੀ ਭੌਜਲ ਪਾਰ।

ਕਰਮ ਕਾਂਡ ਨਹੀਂ ਜਾਣਦਾ ਨਾ ਪੂਜਾ ਦਾ ਢੰਗ।
ਭੋਲੇ ਭਾਅ ਹੀ ਬਖ਼ਸ਼ਿਓ ਇਹ ਹੈ ਮੇਰੀ ਮੰਗ।

ਤੁਸਾਂ ਤੋਂ ਵੱਡਾ ਕੋਈ ਨਹੀਂ ਨਾ ਤੀਰਥ ਨ ਧਾਮ।
ਏਥੇ ਹੀ ਉਮਰ ਗੁਜ਼ਾਰਨੀ ਪੱਕਾ ਕਰ ਬਿਸਰਾਮ।

ਸਾਕ ਅੰਗ ਤੇ ਭਾਈਚਾਰਾ, ਜਦੋਂ ਹੋ ਗਿਆ ਏ ਦੂਰ।
ਬਾਹਾਂ ਵਿੱਚ ਹੈ ਘੁੱਟ ਲਿਆ ਮੈਨੂੰ ਤੁਸਾਂ ਹਜ਼ੂਰ।

ਕਦੋਂ ਦਾ ਬਾਹਰ ਖੜ੍ਹਾ ਹਾਂ ਬੂਹਾ ਦੇਵੋਂ ਖੋਲ੍ਹ।
'ਵਾਜ਼ਾਂ ਬਹੁਤ ਨੇ ਮਾਰੀਆਂ ਬੜਾ ਵਜਾਇਆ ਢੋਲ।

ਬਿਨ ਦਰਸ਼ਨ ਨਹੀਂ ਮੁੜਾਂਗਾ ਕੀਤਾ ਹੈ ਇਕਰਾਰ।
ਦਰਸ਼ਨ ਦੇਵੋਂ ਖੋਲ੍ਹ ਪਟ ਸੰਗਤ ਦੇ ਵਿਚਕਾਰ।
***



Sri Satguru Jagjit Singh Ji Elibrary NamdhariElibrary@gmail.com

## ਦੋਹੇ (੬)

ਬਹੁਤ ਵਧਾਈ ਦੋਸਤੀ ਬੜੇ ਵਧਾਏ ਯਾਰ।
ਤੁਸਾਂ ਬਿਨਾਂ ਪਰ ਕਿਸੇ ਨਹੀਂ ਕੀਤਾ ਅੰਦਰੋਂ ਪਿਆਰ।

ਗ਼ੁਰਜ਼ਾਂ ਮਾਰੇ ਫ਼ਿਰ ਰਹੇ ਮੇਰੇ ਚਾਰ ਚੁਫ਼ੇਰ।
ਪੂਰੀ ਹੋਵੇ ਗਰਜ਼ ਤਾਂ ਭੱਜਦਿਆਂ ਲਾਣ ਨ ਦੇਰ।

ਬਿਨਾ ਗ਼ਰਜ਼ ਦੇ ਤੁਸੀਂ ਹੀ ਕਰਦੇ ਹੋ ਇਮਦਾਦ।
ਭੀੜ ਬਣੇ ਤਾਂ ਤੁਸੀਂ ਹੀ ਪਲ ਪਲ ਆਵੇ ਯਾਦ।

ਤੁਸੀਂ ਸਭਸ ਦੇ ਦਿਲਾਂ ਦੀ ਸੁਣਦੇ ਹੋ ਹਰ ਬਾਤ।
ਕੋਈ ਨਹੀਂ ਜੋ ਪੁੱਛਦਾ ਦੁਖੀ ਕਿਸੇ ਦੀ ਵਾਤ।

ਧਰਤੀ ਵਰਗਾ ਹੌਂਸਲਾ ਜੇਰਾ ਵਾਂਗ ਪਹਾੜ।
ਵਾਂਗ ਆਕਾਸ਼ ਵਿਸ਼ਾਲ ਹਨ ਤੁਸਾਂ ਦੇ ਸਭੀ ਜੁਗਾੜ।

ਬੜੀ ਵਢਿਤਣ ਤੁਸਾਂ ਦੀ ਸਮਝੇ ਇਸ ਨੂੰ ਕੌਣ।
ਸਾਰਾ ਜਗਤ ਝੁਕਾ ਰਿਹਾ ਐਵੇਂ ਤਾਂ ਨਹੀਂ ਧੌਣ।

ਨਿੱਤ ਨਵੇਂ ਕ੍ਰਿਸ਼ਮੇ ਕਰੋ ਕੌਤਕ ਕਰੋ ਅਨੇਕ।
ਕਦੇ ਵੀ ਤਾਂ ਨਹੀਂ ਲੱਗਣੀ ਇਹਨਾਂ ਤਾਈਂ ਬਰੇਕ।

ਦਰਸ਼ਨ ਦੇ ਅਭਿਲਾਸ਼ੀਆਂ ਬੂਹਾ ਲਿਆ ਏ ਮੱਲ।
ਬਿਨ ਦੀਦਾਰ ਨਾ ਸੁਣ ਰਹੇ ਕਿਸੇ ਦੀ ਵੀ ਉਹ ਗੱਲ।

ਬਿਰਹਾ ਦੇ ਬੀਮਾਰ ਨੂੰ ਦਰਸ਼ਨ ਹੈ ਅਕਸੀਰ।
ਤੁਸੀਂ ਹੀ ਬਸ ਇਹ ਦੇ ਸਕੋ ਹੋਣ ਸੁਅਸਤ ਸਰੀਰ।

ਚਾਰ ਚੁਫੇਰੇ ਧੁੱਪ ਹੈ ਕਿਤੇ ਨ ਜਾਪੇ ਠੰਢ।
ਹਰ ਪਾਸੇ ਤੋਂ ਆ ਰਹੀ ਗਰਜ਼ਾਂ ਦੀ ਦੁਰਗੰਧ।
***



Sri Satguru Jagjit Singh Ji Elibrary NamdhariElibrary@gmail.com

## ਦੋਹੇ (੭)

ਸਾਡਾ ਵਾਰਸ ਕੌਣ ਹੈ ਬਿਨਾਂ ਤੁਹਾਡੇ ਅੱਜ
ਤੁਸਾਂ ਸਿਖਾਇਆ ਸਭਸ ਨੂੰ ਸੁਖੀ ਜੀਣ ਦਾ ਚੱਜ।

ਹਰ ਵੇਲੇ ਹਰ ਕਦਮ 'ਤੇ ਰਹੇ ਤੁਹਾਡੀ ਲੋੜ
ਜਿੱਥੇ ਤੁਸੀਂ ਨਾ ਖੜ੍ਹੇ ਹੋ ਉਹ ਕਿਹੜਾ ਹੈ ਮੋੜ।

ਵਿੱਛੜਿਆਂ ਦਾ ਆਦਿ ਤੋਂ ਕਰਦੇ ਆਏ ਹੋ ਮੇਲ।
ਸ਼ੁਭ ਕਾਰਜ ਇਹ ਕਰਨ ਦਾ ਖੱਬੇ ਹੱਥ ਦਾ ਖੇਲ।

ਪੈਣ ਨਾ ਦੇਵੋ ਕਿਸੇ 'ਤੇ ਜਗ ਦੀ ਭੈੜੀ ਮਾਰ।
ਐਵੇਂ ਤਾਂ ਨਹੀਂ ਹੋ ਰਹੀ ਉਸਤਤ ਵਿਚ ਸੰਸਾਰ।

ਸਭ ਲੋਕਾਂ ਦੇ ਦਿਲਾਂ ਦਾ ਤੁਸੀਂ ਜਾਣਦੇ ਰਾਜ਼।
ਮੁੱਦਤਾਂ ਤੋਂ ਹੈ ਹੋ ਰਿਹਾ ਅਸਲ ਹਲੀਮੀ ਰਾਜ।

ਇਸ ਦੁਨੀਆਂ 'ਤ ਦਿਸਦਾ ਨਹੀਂ ਐਸਾ ਇਨਸਾਨ।
ਸ਼ਰਨ ਪਏ ਦੀ ਹੋਈ ਨ ਹੋਈ ਹੈ ਕਲਿਆਣ।

ਮਾੜੇ ਦੁਬੜੇ ਸਾਰਿਆਂ ਦੀ ਤੁਸੀਂ ਹੋ ਇੱਜਤ ਪੱਤ।
ਕੋਲ ਆਇਆਂ ਨੂੰ ਸਦਾ ਹੀ ਦੇਵੋ ਚੰਗੀ ਮੱਤ।

ਬਦੀ ਕਰਦਿਆਂ ਲੱਖਾਂ ਨੂੰ ਲਾਇਆ ਚੰਗੇ ਕੰਮ।
ਭਲਿਆਂ ਤਾਈਂ ਆਖਿਆ ਕਿਤੇ ਨ ਜਾਇਓ ਥੰਮ।

ਦੂਰ ਗਿਆਂ ਨੂੰ ਆਖ਼ਦੇ ਆ ਜਾਓ ਹੁਣ ਕੋਲ।
ਦੁਵਿਧਾ ਮਨੋਂ ਵਿਸਾਰ ਕੇ ਦੇਵਣ ਮਿਠਤ ਘੋਲ।

ਤੁਸਾਂ ਦੇ ਦੇਸ ਪਿਆਰ ਦੀ ਥਾਂ ਥਾਂ ਪਈ ਏ ਧੁੰਮ।
ਚਲੇ ਗਏ ਸਨ ਦੂਰ ਜੋ ਚਰਨ ਰਹੇ ਹੁਣ ਚੁੰਮ।
***



Sri Satguru Jagjit Singh Ji Elibrary NamdhariElibrary@gmail.com

## ਦੋਹੇ (੯)

ਜਿਨ੍ਹਾਂ ਨੂੰ ਮਿਲ ਹੈ ਗਈ ਗੁਰ ਚਰਨਾਂ ਦੀ ਮੌਜ।
ਹਾਰ ਗਈ ਤੇ ਭੱਜ ਗਈ ਸਭ ਕਸ਼ਟਾਂ ਦੀ ਫੌਜ।

ਕੌਣ ਕਹੇ ਪਰਮਾਤਮਾ ਦੀ ਨਹੀਂ ਹੈ ਸ਼ਕਲ ਪਛਾਣ।
ਆਓ ਵਖਾਵਾਂ ਵੱਸਦੇ ਜਿੱਥੇ ਖ਼ੁਦ ਭਗਵਾਨ।

ਬੇ ਪਰਤੀਤੀ ਅੱਖਾਂ ਤੋਂ ਲਾਹੋ ਕਰੋ ਧਿਆਨ।
ਆਸਨ 'ਤੇ ਬਰਾਜਮਾਨ ਹਨ ਸਰਵ ਸ਼ਕਤੀਮਾਨ।

ਦਰਸ਼ਨ ਕਰ ਕੇ ਉਹਨਾਂ ਦਾ ਹੋਵੋਗੇ ਮਸ਼ਕੂਰ।
ਸਭੇ ਮਨੋ ਬੀਮਾਰੀਆਂ ਜਾਣੀਆਂ ਭੱਜ ਨੇ ਦੂਰ।

ਜੋ ਨਾ ਹੋਇਆ ਇਸ ਤਰ੍ਹਾਂ ਹੈ ਪੱਥਰ ਦਾ ਬੁੱਤ।
ਜਿਸ ਨੂੰ ਅਸਰ ਨਾ ਕਰ ਸਕੇ ਠੰਢੀ ਤੱਤੀ ਰੁੱਤ।

ਜੇ ਚਾਹੁੰਦੇ ਹੋ ਵੇਖਣਾ, ਸਵਰਗ ਨਜ਼ਾਰਾ ਅੱਜ।
ਸ੍ਰੀ ਭੈਣੀ ਸਾਹਿਬ ਚੱਲੀਏ ਲਾ ਕੇ ਕੋਈ ਪੱਜ।

ਓਥੇ ਜਾ ਕੇ ਵੇਖਣਾ ਦੇਵਤਿਆਂ ਵਿਚ ਆਪ।
ਬੈਠੇ ਕਿਤਨੇ ਸੋਹ ਰਹੇ ਸਭੀ ਨੇ ਕਰਦੇ ਜਾਪ।

ਏਸ ਪਵਿੱਤਰ ਧਰਤ ਨੂੰ ਸਦ ਕਰੀਏ ਪ੍ਰਣਾਮ।
ਜ਼ੱਰਾ ਜ਼ੱਰਾ ਏਸਦਾ ਵੱਡਾ ਤੀਰਥ ਧਾਮ।

ਇਸ ਧਰਤੀ ਨੇ ਪਾਈ ਏ ਚੋਹਾਂ ਗੁਰੂਆਂ ਦੀ ਛੋਹ।
ਤਾਂ ਹੀ ਏਥੇ ਪੁੱਜਦਿਆਂ ਮਨ ਨੂੰ ਪੈਂਦੀ ਖੋਹ।

ਏਥੇ ਆ ਹੰਕਾਰੀਆਂ ਦਾ ਮਿਟਦਾ ਹੰਕਾਰ।
ਤਨ ਮਨ ਨਿਰਮਲ ਹੋ ਰਹੇ ਰਹਿੰਦੇ ਨਹੀਂ ਵਿਕਾਰ।
***



Sri Satguru Jagjit Singh Ji Elibrary NamdhariElibrary@gmail.com

## ਦੋਹੇ (੯)

ਬੜੀ ਪਵਿੱਤਰ ਪੌਣ ਹੈ ਵਾਤਾਵਰਨ ਅਮੋਲ।
ਏਥੋਂ ਦੀ ਵਡਿਆਈ ਨੂੰ ਕੌਣ ਸਕੇਗਾ ਤੋਲ।

ਰਹਿ ਕੇ ਏਥੇ ਚਾਰ ਦਿਨ ਸਿੱਖੀਏ ਜੀਵਨ ਜਾਚ।
ਔਝੜ ਫਿਰਦਿਆਂ ਜਨਮ ਨ ਜਾਏ ਕਿਤੇ ਗਵਾਚ।

ਕਿਸੇ ਵਾਸੀ ਨੂੰ ਮਿਲਣ ਦਾ ਮਿਲੇ ਜੇ ਕਿਤੇ ਸੁਭਾਗ।
ਲਗ ਜਾਏਗੀ ਓਸ ਨੂੰ ਗੁਰ ਸਿੱਖੀ ਦੀ ਲਾਗ।

ਉੱਥੋਂ ਵਾਪਸ ਆਉਣ ਦਾ ਨਹੀਂ ਕਰਦਾ ਫ਼ਿਰ ਚਿੱਤ।
ਜਾ ਕੇ ਹੈ ਭੁੱਲ ਜਾਈਦੀ ਕੋਈ ਵਾਰ ਜਾਂ ਥਿੱਤ।

ਏਥੋਂ ਹੀ ਗੁਰੂ ਬਾਰਵੇਂ ਗਏ ਸੀ ਚੜ੍ਹ ਕੇ ਗੱਡ।
ਦੇਸ਼ ਛੁਡਾਵਣ ਵਾਸਤੇ ਦੇਸ਼ ਗਏ ਸੀ ਛੱਡ।

ਐਸੀ ਸਿਰਲੱਥ ਸੂਰਮੇ ਗਏ ਸੀ ਏਥੋਂ ਚੱਲ।
ਤੋਪਾਂ ਅੱਗੇ ਉੱਡ ਕੇ ਜ਼ੁਲਮ ਨੂੰ ਪਾਈ ਠੱਲ੍ਹ।

ਕਈਆਂ ਫਾਂਸੀ ਚੁੰਮ ਲਈ, ਆਪਣੀ ਹੱਥੀਂ ਆਪ।
ਫਾਂਸੀ ਚੜ੍ਹਦਿਆਂ ਵੀ ਨਹੀਂ ਤਜਿਆ ਕਰਨਾ ਜਾਪ।

ਐਸੇ ਗਏ ਵਿਦੇਸ਼ ਕਿ ਮੁੜੇ ਨਹੀਂ ਅੱਜ ਤੀਕ।
ਤਰਸ ਰਹੀਆਂ ਨੇ ਸੰਗਤਾਂ ਲੰਮੀ ਹੋਈ ਉਡੀਕ।

ਦੇਸ਼ ਲਈ ਉਹ ਗਏ ਸਨ ਦੇਸ਼ ਹੋਇਆ ਆਜ਼ਾਦ।
ਅੱਜ ਤੱਕ ਪਰ ਭੁੱਲੇ ਨਹੀਂ ਅਸੀਂ ਉਨ੍ਹਾਂ ਦੀ ਯਾਦ।

ਇਹ ਆਜ਼ਾਦੀ ਉਹਨਾਂ ਨੂੰ ਸ਼ਾਇਦ ਨਹੀਂ ਪਸੰਦ।
ਹਰ ਪਾਸੇ ਹੈ ਪਸਰਿਆ ਭ੍ਰਿਸ਼ਟਾਚਾਰ ਦਾ ਗੰਦ।
***



Sri Satguru Jagjit Singh Ji Elibrary NamdhariElibrary@gmail.com

## ਦੋਹੇ (੧੦)

ਵੱਡੀਆਂ ਮੱਛੀਆਂ ਖਾ ਰਹੀਆਂ ਨਿੱਕੀਆਂ ਨੂੰ ਇੱਕ ਦੰਮ।
ਬਣ ਕਸਾਈ ਲਾਹ ਰਹੇ ਤੰਗ ਹਾਲਾਂ ਦਾ ਚੰਮ।

ਨਹਿਰਾਂ ਵਾਂਗ ਹੈ ਜਾ ਰਿਹਾ ਧਨ ਅਮੀਰਾਂ ਵੱਲ।
ਕੋਈ ਨਹੀਂ ਹੈ ਪਾ ਰਿਹਾ ਇਸ ਪੱਧਤੀ ਨੂੰ ਠੱਲ੍ਹ।

ਕੁਰਸੀ ਖਾਤਰ ਲੜ ਰਹੇ ਜਿਉਂ ਕਾਂ ਉੱਪਰ ਲਾਸ਼।
ਪਤਾ ਨਹੀਂ ਕਦ ਹੋਏਗਾ ਬਈਮਾਨਾਂ ਦਾ ਨਾਸ਼।

ਗਊ ਗਰੀਬਾਂ ਗਲੋਂ ਨ ਉੱਤਰੀ ਛੁਰੀ ਅਜੇ ਵੀ ਤੀਕ।
ਭੁੱਖੀਆਂ ਵੇਖੋ ਮਰ ਰਹੀਆਂ ਸਗੋਂ ਨੇ ਅੱਜ ਵਧੀਕ।

ਦਿਨ ਦਿਨ ਵੱਡਾ ਹੋ ਰਿਹਾ ਬਈਮਾਨਾਂ ਦਾ ਪੇਟ।
ਲੋਕ ਵਿਚਾਰੇ ਤਰਸਦੇ ਕੋਈ ਨਾ ਕਰਦਾ ਹੇਤ।

ਚੰਗੇ ਦਿਨਾਂ ਨੂੰ ਤਰਸਦੇ ਵਹਿਦੇ ਕਰਦੇ ਯਾਦ।
ਨੇਤਾ ਸਭ ਆਬਾਦ ਨੇ ਪਰ ਜਨਤਾ ਬਰਬਾਦ।

ਵੋਟਾਂ ਖਾਤਰ ਵਿਛਿਆ ਹਰ ਥਾਂ ਸੰਘਣਾ ਜਾਲ।
ਮਿਲੇ ਵਜ਼ੀਰੀ ਫੇਰ ਨ ਆ ਕੇ ਪੁੱਛਦੇ ਹਾਲ।

ਇੱਕ ਲੰਗੋਟੀ ਪਹਿਣ ਕੇ ਗਾਂਧੀ ਗਏ ਇੰਗਲੈਂਡ।
ਪੰਜ ਲੱਖਾ ਅੱਜ ਸੂਟ ਪਹਿਨ ਕੇ ਜਾਣ ਵਜਾ ਕੇ ਬੈਂਡ।

ਅੰਗਰੇਜ਼ਾਂ ਨੂੰ ਆਖਿਆ ਇਹ ਭਾਰਤ ਦਾ ਹਾਲ।
ਅੱਜ ਨੇਤਾ ਦਿਖਲਾ ਰਹੇ ਪੂਰਾ ਜਾਹ ਜਲਾਲ।

ਦੌਰੇ ਕਰਨ ਸੰਸਾਰ ਦੇ ਉੱਤੇ ਹਵਾਈ ਜਹਾਜ਼।
ਜਨਤਾ ਥੱਲਿਓਂ ਵੇਖਦੀ ਕੈਸੀ ਹੈ ਪਰਵਾਜ਼।
***



Sri Satguru Jagjit Singh Ji Elibrary NamdhariElibrary@gmail.com

## ਦੋਹੇ (੧੧)

ਏਸੇ ਲਈ ਨਾ ਆ ਰਹੇ ਗੁਰੂ ਰਾਮ ਸਿੰਘ ਅੱਜ।
ਅਸਲ ਆਜ਼ਾਦੀ ਆਈ ਤਾਂ ਫੇਰ ਆਉਣਗੇ ਭੱਜ।

ਜਿੰਨ੍ਹਾਂ ਸਹਾਰੇ ਭੈਣੀ ਸਾਹਿਬ ਅੱਜ ਰਿਹਾ ਏ ਚੱਲ।
ਹਰ ਔਕੜ ਨੂੰ ਪਾ ਦਿੱਤੀ ਹੈ ਉਨ੍ਹਾਂ ਨੇ ਠੱਲ੍ਹ।

ਸੰਗਤ ਦੇ ਵਿੱਚ ਇਹਨਾਂ ਨੇ ਐਸੀ ਪਾਈ ਏ ਠੰਢ।
ਕਿਸੇ ਪਾਸਿਓਂ ਪੰਥ ਦੀ ਲੱਗਣ ਦਿੱਤੀ ਨਾ ਕੰਡ।

ਦਰਸ਼ਨਾਂ ਲਈ ਕਰ ਰਹੇ ਲੱਖਾਂ ਹੀ ਹੁਣ ਪਾਠ।
ਭੋਗ ਉਹਨਾਂ ਦੇ ਪੈਣਗੇ ਵੇਖੋ ਆ ਕੇ ਠਾਠ।

ਪਰਦੇਸਾਂ 'ਚੋਂ ਆਉਣਗੇ ਲੰਮੀ ਹੋਈ ਉਡੀਕ।
ਪਰ ਨ ਦੱਸੀ ਆਓਣ ਦੀ ਪੱਕੀ ਕੋਈ ਤਰੀਕ।

ਅਮਨ ਸੁਹਾਗਾ ਫੇਰਿਆ ਸਮ ਕੀਤੇ ਮਨ ਖੇਤ।
ਸੁਲਝਾਈਆਂ ਸਭ ਉਲਝਣਾਂ ਸਗਲੀ ਪੁਰੀ ਸਮੇਤ।

ਦੂਰ ਗਿਆਂ ਨੂੰ ਜਲਦ ਹੀ ਲੈ ਆਵਣਗੇ ਕੋਲ।
ਖੁਸ਼ੀਆਂ ਸੰਗ ਭਰ ਦੇਣਗੇ ਹਰ ਬੰਦੇ ਦੀ ਝੋਲ।

ਅਤਿ ਹਨ੍ਹੇਰੇ ਮਨਾਂ ਵਿੱਚ ਲੋਆਂ ਕਰਨਗੇ ਝੱਟ।
ਚਿਰ ਤੀਕਰ ਨ ਹੋਏਗੀ ਇਹ ਲੋਅ ਕਦੇ ਵੀ ਘੱਟ।

ਜਦੋਂ ਜ਼ਮਾਨੇ ਦੀ ਪਵੇ ਕਿਸੇ ਬੰਦੇ ਨੂੰ ਮਾਰ।
ਭੱਜ ਗੁਰ ਚਰਨੀਂ ਢਹਿ ਪਵੇ ਕਦੇ ਨ ਹੋਵੇ ਹਾਰ।

ਕਹਿਣ ਸਤਿਗੁਰੂ ਕਿਉਂ ਉਸਾਰੀ ਵਿਹੜੇ ਦੇ ਵਿੱਚ ਕੰਧ।
ਅਸਲੋਂ ਹੀ ਟੁੱਟ ਜਾਣਗੇ ਆਪਸ ਦੇ ਸਰਬੰਧ।
***



Sri Satguru Jagjit Singh Ji Elibrary NamdhariElibrary@gmail.com

## ਦੋਹੇ (੧੨)

ਸਾਰੇ ਨਸ਼ੇ ਹੀ ਜ਼ਹਿਰ ਨੇ ਸਦਾ ਹੀ ਰਹੀਏ ਦੂਰ।
ਬੇ-ਮੌਤੇ ਹੀ ਮਰਨ 'ਤੇ ਕਰ ਦੇਵਣ ਮਜਬੂਰ।

ਤੰਨ ਦੀ ਦਰੁਸਤੀ ਨਸ਼ਾ ਹੈ ਜੇਕਰ ਬਖ਼ਸ਼ੇ ਰੱਬ।
ਸਾਰੀ ਉਮਰ ਨਹੀਂ ਉੱਤਰਦਾ ਰੱਬ ਜੇ ਲਾਏ ਸਬੱਬ।

ਆਪਣੇ ਆਪ ਨੂੰ ਪੁੱਛਿਆ ਕੀ ਤੇਰੀ ਹੈ ਘਾਲ।
ਸਤਿਗੁਰ ਫ਼ਰਜ਼ ਨਿਭਾ ਰਹੇ ਕੀਤਾ ਮਾਲੋ ਮਾਲ।

ਧਰਤੀ ਅਤੇ ਆਕਾਸ਼ ਵਿੱਚ ਬੜੀ ਦੂਰ ਦਾ ਪੰਧ।
ਗੁਰਮੁਖ ਤੇ ਮਨਮੁੱਖ ਦਾ ਦੂਰ ਦਾ ਨਹੀਂ ਸਨਬੰਧ।

ਪਾਣੀ ਹਵਾ ਤੇ ਅੰਨ ਬਿਨ ਨਹੀਂ ਬਚਦਾ ਇਨਸਾਨ।
ਗੁਰ ਦਰਸ਼ਨ ਬਿਨ ਸਿੱਖ ਦੀ ਨਹੀਂ ਹੁੰਦੀ ਗੁਜ਼ਰਾਨ।

ਦਰਸ਼ਨ ਕੀਤਾ ਜਦੋਂ ਦਾ ਹੋਇਆ ਸ਼ਾਂਤ ਸਰੀਰ।
ਖ਼ਤਮ ਬੇ ਚੈਨੀ ਹੋ ਗਈ ਮਨ ਨੂੰ ਆਈ ਧੀਰ।

ਜੀਕਰ ਸੂਰਜ ਨਿੱਕਲਿਆਂ ਜਾਂਦੇ ਦੂਰ ਹਨ੍ਹੇਰ।
ਤਿਵੇਂ ਹਨ੍ਹੇਰੇ ਮਨਾਂ ਵਿਚ ਦਰਸ਼ਨ ਕਰੇ ਸਵੇਰ।

ਦਰਸ਼ਨ ਕਰਦਿਆਂ ਤੁਸਾਂ ਨੇ ਵੇਖਿਆ ਮੇਰੇ ਵੱਲ।
ਏਸ ਨੂਰਾਨੀ ਝਲਕ ਨੂੰ ਮੈਂ ਨਹੀਂ ਸਕਿਆ ਝੱਲ।

ਤੁਸੀਂ ਅਸਾਡੇ ਮਨਾਂ ਵਿਚ ਵੱਸੋ ਵਾਂਗ ਹੋ ਮਹਿਕ।
ਦਰਸ਼ਨ ਦੇਂਦੇ ਰਿਹਾ ਕਰੋ ਮਰ ਨ ਜਾਈਏ ਸਹਿਕ।

ਕੁਝ ਕੁ ਦਿਨਾਂ ਦੀ ਜ਼ਿੰਦਗੀ ਰਹਿ ਗਈ ਏ ਹੁਣ ਹੋਰ।
ਜੇ ਰੱਜ ਦਰਸ਼ਨ ਕਰ ਲਈਏ ਮੌਤ ਨਾ ਲਾਵੇ ਫੋਰ।
***



Sri Satguru Jagjit Singh Ji Elibrary NamdhariElibrary@gmail.com

## ਦੋਹੇ (13)

ਏਥੇ ਸਦਾ ਹੀ ਰਹਿਣ ਲਈ ਥਾਨਨੂੰ ਰਿਹਾ ਹੈਂ ਬੰਨ੍ਹ।
ਬਿਨ ਇਤਲਾਹੋਂ ਮੌਤ ਨੇ ਆਉਣਾ ਸਭ ਦਰਵਾਜ਼ੇ ਭੰਨ੍ਹ।

ਤੁਸੀਂ ਅਸਾਡੇ ਮਨਾਂ ਵਿਚ ਵੱਸੇ ਵਾਂਗ ਹੋ ਮਹਿਕ।
ਦਰਸ਼ਨ ਦੇਂਦੇ ਰਿਹਾ ਕਰੋ ਮਰ ਨਾ ਜਾਈਏ ਸਹਿਕ।

ਮਛਲੀ ਦਾ ਬਿਨਾਂ ਪਾਣੀਓਂ ਜੀਣਾ ਬਹੁਤ ਮੁਹਾਲ।
ਗੁਰ ਦਰਸ਼ਨ ਬਿਨ ਸਿੱਖ ਦਾ ਹੋਵੇ ਇਹ ਹੀ ਹਾਲ।

ਦਰਸ਼ਨ ਲਈ ਦਰਸ਼ਨਾਰਥੀ ਰਾਹਾਂ 'ਤੇ ਜਾ ਬਹਿਣ।
ਜਦੋਂ ਤੀਕ ਨਾ ਹੋਣ ਦੀਦਾਰੇ ਓਥੇ ਬੈਠੇ ਰਹਿਣ।

ਉਹ ਵਡਭਾਗੇ ਲੋਕ ਨੇ ਰਹਿਣ ਗੁਰੂ ਕੇ ਪਾਸ।
ਮੇਰੇ ਜਹੇ ਵੀ ਹੈਣ ਜਿਨ੍ਹਾਂ ਦੀ ਬੁਝੇ ਨ ਰੱਜ ਪਿਆਸ।

ਗੋਕੁਲ ਦੀਆਂ ਸਭ ਗੋਪੀਆਂ ਅੱਜ ਤੱਕ ਰਹੀਆਂ ਤਰਸ।
ਸ੍ਰੀ ਕ੍ਰਿਸ਼ਨ ਜੀ ਨਹੀਂ ਮਿਲੇ ਬੀਤੇ ਸੈਆਂ ਬਰਸ।

ਬਿਦਰ ਨੇ ਦਰਸ਼ਨ ਵਾਸਤੇ ਘੱਲੇ ਦਿਲੋਂ ਸੰਦੇਸ਼।
ਰਾਜ ਮਹਿਲ ਛੱਡ ਬਿਦਰ ਦੇ ਗ੍ਰਹਿ ਪ੍ਰਵੇਸ਼।

ਜੁਗਾਂ ਤੋਂ ਹੀ ਆਪਣੇ ਭਗਤਾਂ ਦੀ ਰੱਖਦੇ ਆਏ ਲਾਜ।
ਦੂਰ ਬੈਠਿਆਂ ਵੀ ਸੁਣਦੇ ਨੇ ਨੇੜੇ ਹੋ ਆਵਾਜ਼।

ਕੌਰੂਆਂ ਧੋਖੇ ਨਾਲ ਜਾਂ ਲਈ ਦਰੋਪਦ ਜਿੱਤ।
ਲਾਜ ਸਭਾ ਵਿੱਚ ਰੱਖ ਲਈ ਪੁੱਛੀ ਵਾਰ ਨ ਤਿੱਥ।

ਏਸੇ ਤਰ੍ਹਾਂ 'ਅਮਰੀਕ ਸਿੰਘ' ਰਿਹਾ ਏ ਵਾਜਾਂ ਮਾਰ।
ਲਿਆ ਆਸਰਾ ਤੁਸਾਂ ਦਾ ਹੋ ਨ ਜਾਏ ਹਾਰ।

***



Sri Satguru Jagjit Singh Ji Elibrary NamdhariElibrary@gmail.com

## ਦੋਹੇ (੧੪)

ਤੁਸਾਂ ਜਿਹਾ ਸੰਸਾਰ ਵਿੱਚ ਕੌਣ ਹੈ ਕਰਦਾ ਪਿਆਰ।
ਸਭ ਨੂੰ ਆਪਣਾ ਕਰ ਲਵੋਂ ਬਚਨਾਂ ਦਾ ਕਰ ਵਾਰ।

ਤੁਸੀਂ ਤਾਂ ਧੰਨ ਹੋ ਸਤਿਗੁਰੋ ਅਸੀਂ ਨਹੀਂ ਹਾਂ ਧੰਨ।
ਹੁਕਮ ਜੋ ਕਰਦੇ ਹੋ ਤੁਸੀਂ ਨਹੀਂ ਰਹੇ ਹਾਂ ਮੰਨ।

ਤੁਸੀਂ ਬੜੇ ਬਲਵਾਨ ਹੋ ਪਰ ਮੈਂ ਅਤ ਬਲਹੀਨ।
ਦੀਨ ਦਿਆਲ ਹੋ ਆਦਿ ਤੋਂ ਮੈਂ ਦੀਨਾਂ ਦਾ ਦੀਨ।

ਤੁਸੀਂ ਬੜੇ ਸਾਹ ਜ਼ੋਰ ਹੋ ਪਰ ਮੈਂ ਅਤ ਕਮਜ਼ੋਰ।
ਤੁਸਾਂ ਸੰਭਾਲੀ ਹੋਈ ਹੈ ਕਮਜ਼ੋਰਾਂ ਦੀ ਡੋਰ।

ਬੁੱਧੀ ਵਾਨ ਮਹਾਨ ਹੋ ਨਹੀਂ ਮੇਰੇ ਵਿਚ ਬੁੱਧ।
ਮੇਰੀਆਂ ਭੁੱਲ ਵਲੱਲੀਆਂ ਨੂੰ ਕਰ ਦੇਵੋ ਸ਼ੁੱਧ।

ਰੱਖਦੇ ਸੋਚ ਵਿਸ਼ਾਲ ਹੋ ਮੇਰੀ ਸੌੜੀ ਸੋਚ।
ਫੇਰ ਵੀ ਕਿਸੇ ਪ੍ਰਕਾਰ ਦੀ ਆਉਣ ਨ ਦਿਓ ਖਰੋਚ।

ਖੁਸ਼ੀਆਂ ਦੇ ਭੰਡਾਰ ਹੋ ਕਰਦੇ ਹੋ ਗ਼ਮ ਦੂਰ।
ਖਾਲੀ ਝੋਲਾਂ ਸਭਦੀਆਂ ਕਰ ਦੇਵੋ ਭਰਪੂਰ।

ਲਿਖ ਲਿਖ ਉਸਤਤਿ ਤੁਸਾਂ ਦੀ ਥੱਕੇ ਕਲਮ ਤੇ ਹੱਥ।
ਪਰ ਮੁੱਕਦੀ ਨਹੀਂ ਜਾਪਦੀ ਇਹ ਹੈ ਕਥਾ ਅਕੱਥ।

ਤੁਸਾਂ ਮੇਰੇ 'ਤੇ ਕਰ ਦਿੱਤੇ ਇਤਨੇ ਹਨ ਅਹਿਸਾਨ।
ਗਿਣਦਾ ਗਿਣਦਾ ਥੱਕ ਗਿਆ ਗਿਣੇ ਨਾ ਮੈਥੋਂ ਜਾਣ।

ਉਹ ਮੰਦਭਾਗੇ ਹਨ ਬਦਕਿਸਮਤ ਗੁਰ ਚਰਨੀ ਨਾ ਪੈਣ।
ਦਰ ਦਰ ਦੀਆਂ ਲੈਂਦੇ ਕਨਸੋਆਂ ਇਕ ਥਾਂ ਟਿਕ ਨਾ ਬਹਿਣ।



Sri Satguru Jagjit Singh Ji Elibrary NamdhariElibrary@gmail.com

## ਦੋਹੇ (੧੫)

ਵਡਭਾਗੀ ਗੁਰਦਰਸ਼ਨ ਪਾਇਆ ਕਰਾਂ ਕੀ ਇਸ ਦੀ ਭੇਟ।
ਸ਼ਬਦਾਂ ਦੇ ਗੁਲਦਸਤੇ ਅੰਦਰ ਦੇਵਾਂ ਪਿਆਰ ਲਪੇਟ।

ਦਰਸ਼ਨ ਕਰ ਕੱਲਾ ਨਹੀਂ ਤਰਿਆ ਤਰਿਆਂ ਕੁਲਾਂ ਸਮੇਤ।
ਸਦਾ-ਬਹਾਰ ਬਸੰਤ ਹੈ ਆਈ ਮੇਰੇ ਮਨ ਦੇ ਖੇਤ।

ਗੁਰ ਦਰਸਨ ਦਾ ਮੁੱਲ ਕੀ ਪਾਈਏ ਇਹ ਤਾਂ ਹੈ ਅਨਮੋਲ।
ਕਿਸ ਤੱਕੜੀ ਸੰਗ ਤੋਲੀਏ, ਇਹ ਹੈ ਅਤੀ ਅਤੋਲ।

ਕਿਹੜੇ ਸ਼ਬਦਾਂ ਸੰਗ ਸਲਾਹੀਏ ਕਿਜ ਕਰੀਏ ਗੁਣ ਗਾਣ।
ਮੂੰਹ ਛੋਟਾ ਤੇ ਗੱਲ ਵਡੇਰੀ ਰੱਖੀਏ ਬੰਦ ਜ਼ੁਬਾਨ।

ਜੀਕਰ ਸੂਰਜ ਨਿੱਕਲਿਆਂ ਹੋਏ ਖ਼ਤਮ ਹਨ੍ਹੇਰ।
ਤਿਵੇਂ ਹੀ ਦਰਸ਼ਨ ਕਰਦਿਆਂ ਹੋਵਣ ਸੰਕਟ ਢੇਰ।

ਬਦਲ ਜਾਂਦੀ ਏ ਹਰ ਬੰਦੇ ਦੀ ਦਰਸ਼ਨ ਕਰਕੇ ਸੋਚ।
ਦੀਦ ਝੁਸਾਂ ਦੀ ਕੱਢ ਦੇਂਦੀ ਏ ਅੰਦਰੋਂ ਬਦੀ ਘਰੋਚ।

ਜਿਉਂ ਗੰਗਾ ਵਿਚ ਨ੍ਹਾਤਿਆਂ ਕਹਿੰਦੇ ਉੱਤਰਨ ਪਾਪ।
ਤਿਉਂ ਚਰਨਾਂ ਵਿਚ ਝੁਕਦਿਆਂ ਹੋਵਣ ਖ਼ਤਮ ਸਰਾਪ।

ਹਰ ਕੋਈ ਹੈ ਕਹਿ ਰਿਹਾ ਆਪਦੇ ਦਿਲ ਦੀ ਬਾਤ।
ਗੁਰ ਚਰਨਾਂ ਤੋਂ ਪਾਈ ਏ ਮਨ ਚਿੰਤੀ ਹਰ ਦਾਤ।

ਸੁਣੋ ਗੁਜ਼ਾਰਿਸ਼ ਦਾਸ ਦੀ ਗੁਰੂ ਗਰੀਬ ਨਿਵਾਜ਼।
ਰੱਖਣੀ 'ਸਿੰਘ ਅਮਰੀਕ' ਦੀ ਕਦਮ ਕਦਮ 'ਤੇ ਲਾਜ।

ਥੋੜ੍ਹੀ ਉਮਰਾਂ ਰਹਿ ਗਈ ਬਹੁਤੀ ਗਈ ਏ ਬੀਤ।
ਸਾਹਾਂ ਨਾਲ ਪਿਆਰਿਆ ਨਿਭ ਜਾਏ ਮੇਰੀ ਪ੍ਰੀਤ।

***



Sri Satguru Jagjit Singh Ji Elibrary NamdhariElibrary@gmail.com

## ਦੋਹੇ (੧੬)

ਮਨਮਤ ਮਨ ਦੀ ਮੈਲ ਹੈ ਗੁਰਮਤ ਹੈ ਸ਼ਿੰਗਾਰ।
ਕਿਰਪਾ ਕਰਨ ਜੇ ਸਤਿ ਗੁਰੂ ਮਿਲ ਜੈ ਨਾਮ ਆਧਾਰ।

ਤੇਰੇ ਅੰਦਰੋਂ ਆ ਰਹੀ ਹਰ ਛਿਨ ਇਹ ਆਵਾਜ਼।
ਤੁਸੀਂ ਹੋ ਮੇਰੇ ਜਾਣਦੇ ਸਾਰੇ ਦਿਲ ਦੇ ਰਾਜ਼।

ਜਿਸ ਪਾਸੇ ਮੈਂ ਦੇਖਦਾਂ ਪਸਰਿਆ ਤੁਸਾਂ ਦਾ ਨੂਰ।
ਏਸ ਨੂਰ ਦੇ ਨਾਲ ਹੈ ਸਾਰਾ ਜਗ ਭਰਪੂਰ।

ਕਿਹੜਾ ਕਰੇ ਬਰਾਬਰੀ ਤੁਸੀਂ ਦੀ ਵਿਚ ਜਹਾਨ।
ਡੂੰਘੇ ਸਾਗਰ ਜਿਹੇ ਹੋ ਪਰਬਤੋਂ ਉੱਚੀ ਸਾਨ।

ਤੁਸਾਂ ਬਿਨਾਂ ਕੋਈ ਨਹੀਂ ਜਿਸਦੀ ਰੱਖੀਏ ਟੇਕ।
ਹੋਰ ਕਿਸੇ ਤੱਕ ਪਹੁੰਚਦੀ ਨਹੀਂ ਅਸਾਡੀ ਹੇਕ।

ਤੁਸਾਂ ਬਗੈਰ ਨ ਕੋਈ ਸਾਡੀ ਝਾਲ ਹੈ ਸਕਦਾ ਝੱਲ।
ਕੌਣ ਅਸਾਡੇ ਸੰਕਟਾਂ ਨੂੰ ਪਾ ਸਕਦਾ ਏ ਠੱਲ੍ਹ।

ਸਾਡੇ ਸਿਰਾਂ 'ਤੇ ਜੋ ਰਿਹਾ ਸਦਾ ਪਵਿੱਤਰ ਹੱਥ।
ਘਾਟਾ ਕੋਈ ਨ ਰਹੇ ਗਾ ਮਿਲੇ ਮੂੰਹ ਮੰਗੀ ਵੱਥ।

ਚਰਨ ਧੂੜ ਦਾ ਇੱਕ ਜ਼ੱਰਾ ਵੀ ਕੋਹੇਨੂਰ ਸਮਾਨ।
ਮਿਲ ਜਾਏ ਤਾਂ ਮਸਤਕ ਲਾਈਏ ਹੋਵੇ ਸਦ ਸਨਮਾਨ।

ਬਹੁਤੇ ਜਨਮ ਢੂੰਡੇਂਦਿਆਂ ਮਿਲਿਆ ਗੁਰੂ ਦੁਆਰ।
ਇਸੇ ਦਰ 'ਤੇ ਬੈਠ ਕੇ ਲਈਏ ਜਨਮ ਸੁਆਰ।

ਤੁਸੀਂ ਤਾਂ ਬੇਪ੍ਰਵਾਹ ਹੋ ਮੈਂ ਅਤਿ ਲਾਪ੍ਰਵਾਹ।
ਫੇਰ ਵੀ ਮੇਰੇ ਨਾਲ ਪੈ ਕਰਦੇ ਹੋ ਨਿਰਬਾਹ।
***



Sri Satguru Jagjit Singh Ji Elibrary NamdhariElibrary@gmail.com

## ਦੋਹੇ (੧੭)

ਕੌਣ ਹੈ ਜਿਸ ਇਨਸਾਨ 'ਤੇ ਕਰਦੇ ਨਹੀਂ ਅਹਿਸਾਨ।
ਪਰ ਬੰਦਾ ਨਹੀਂ ਕਰ ਰਿਹਾ ਅਹਿਸਾਨਾਂ ਦਾ ਮਾਨ।

ਸਤਿਗੁਰ ਸੂਰਜ ਵਾਂਗ ਨੇ ਰੌਸ਼ਨ ਕਰਨ ਜਹਾਨ।
ਕੁਝ ਮੰਦਭਾਗੇ ਤਨ ਮਨ ਆਪਣਾ ਨ੍ਹੇਰੇ ਵਿਚ ਲੁਕਾਨ।

ਸਤਿਗੁਰ ਹਰ ਇਨਸਾਨ 'ਤੇ ਕਿਰਪਾ ਕਰਨ ਅਪਾਰ।
ਪਰ ਕਈਆਂ ਮੰਦਭਾਗਿਆਂ ਨਹੀਂ ਹੈ ਇਸ ਦੀ ਸਾਰ।

ਦੇਂਦੇ ਤੁਸੀਂ ਨਾ ਥੱਕੋਂ ਦਾਤਾਂ ਲੈਣ ਵਾਲੇ ਥੱਕ ਜਾਣ।
ਐਵੇਂ ਤਾਂ ਨਹੀਂ ਆਖਦੇ ਤੁਸੀਂ ਹੋ ਬੜੇ ਮਹਾਣ।

ਸਿਫ਼ਤ ਤੁਸਾਂ ਦੀ ਕਰਦਿਆਂ ਮੁੱਕ ਗਏ ਅਲਫ਼ਾਜ਼।
ਤੁਸੀਂ ਵਿਸ਼ਾਲ ਆਕਾਸ਼ ਹੋ ਥੱਕ ਗਈ ਪਰਵਾਜ਼।

ਸਤਿਗੁਰ ਸਭ ਨੂੰ ਦੇ ਰਹੇ ਸਦਾ ਹੀ ਸ਼ੁਭ ਸੰਦੇਸ਼।
ਕਿਰਤ ਕਰੋ ਤੇ ਵੰਡ ਛਕੋ ਰਹੋਗੇ ਸੁਖੀ ਹਮੇਸ਼।

ਕਿਸ ਬਿਧ ਹੋਵਾਂ ਤੁਸਾਂ ਦੀ ਨਜ਼ਰੇ ਮੈਂ ਮਨਜ਼ੂਰ।
ਕਿਰਪਾ ਕਰਕੇ ਕਰ ਦਿਓ ਮਨ ਦੇ ਦੂਰ ਫਤੂਰ।

ਸਾਰੀ ਉਮਰਾਂ ਜਿਨ੍ਹਾਂ ਨੇ ਕੀਤੇ ਬਹੁਤੇ ਪਾਪ ਅਪਰਾਧ।
ਤੁਸਾਂ ਉਹਨਾਂ ਨੂੰ ਬਖਸ਼ ਬਣਾਇਆ ਵੱਡੇ ਸੰਤ ਅਰ ਸਾਧ।

ਜਿੰਨ੍ਹਾਂ ਦੀ ਵਾਤ ਨਾ ਪੁੱਛਦਾ ਕੋਈ ਵਿਚ ਸੰਸਾਰ।
ਇਸ ਦਰ ਆ ਕੇ ਬਣ ਗਏ ਅੱਜ ਪੂਰੇ ਸਰਦਾਰ।

ਨੰਗੇ ਪੈਰ ਤੇ ਪਾਟੇ ਕੱਪੜੇ ਜਿੰਨ੍ਹਾਂ ਹੰਢਾਏ ਨਿੱਤ।
ਗੁਰ ਚਰਨਾਂ ਵਿੱਚ ਆਣ ਕੇ ਸਿਲਕ ਨਾ ਲੱਗੇ ਚਿੱਤ।

***



Sri Satguru Jagjit Singh Ji Elibrary NamdhariElibrary@gmail.com

## ਦੋਹੇ (੧੮)

ਨਿੰਦਿਆ ਚੁਗਲੀ ਅਤੇ ਬਖੀਲੀ ਕਰਦੇ ਰਹੇ ਹਮੇਸ਼।
ਅਪਨਾਈ ਇਨਸਾਨੀਅਤ ਤੁਸਾਂ ਦਾ ਸੁਣ ਉਪਦੇਸ਼।

ਇੱਕ ਅੱਖਰ ਨ ਪੜ੍ਹ ਸਕੇ ਨਾ ਪਾਇਆ ਕਿੱਛ ਗਿਆਨ।
ਸਰਨ ਤੁਸਾਂ ਦੀ ਆਣ ਕੇ ਬਣੇ ਮਹਾਂ ਵਿਦਵਾਨ।

ਗੁਰ ਬਚਨਾਂ 'ਚੋਂ ਸਦਾ ਹੀ ਡੁੱਲ੍ਹ ਡੁੱਲ੍ਹ ਪਵੇ ਪਿਆਰ।
ਅਤੀ ਤਪੰਦੇ ਹਿਰਦਿਆਂ ਨੂੰ ਵੀ ਜੋ ਦੇਵਣ ਠਾਰ।

ਕਹਿੰਦੇ ਹੋ ਕਿ ਸਦਾ ਹੀ ਕਰਿਓ ਸ਼ੁੱਧ ਵਿਹਾਰ।
ਕਿਸੇ ਨਾਲ ਵੀ ਖਾਹ ਮਖਾਹ ਨ ਕਰਨੀ ਤਕਰਾਰ।

ਮਾਇਆ ਵੱਲ ਜੋ ਕੰਡ ਕਰੋਗੇ ਆਏਗੀ ਪਿੱਛੇ ਭੱਜ।
ਮਾਇਆ ਪਿੱਛੇ ਭੱਜਿਆਂ ਕਦੇ ਨਾ ਹੋਵੇ ਰੱਜ।

ਸਤਿਗੁਰੂ ਤਾਂ ਹਨ ਬੋਲਦੇ ਇਤਨੇ ਮਿਠੜੇ ਬੋਲ।
ਜਿਓਂ ਮਾਹੌਲ 'ਚ ਕਿਸੇ ਨੇ ਸ਼ਹਿਦ ਹੈ ਦਿੱਤਾ ਘੋਲ।

ਕਿਰਪਾ ਕਰਕੇ ਜਿਸ ਉੱਤੇ ਵੀ ਹੋਵੋ ਜਦੋਂ ਦਿਆਲ।
ਸੁਖ ਸੁਮਰਿਧੀਆਂ ਓਸਨੂੰ ਲੈਣ ਕਿਤੋਂ ਵੀ ਭਾਲ।

ਰੀਝਾਂ ਸਭ ਦੀਆਂ ਪੂਰੀਆਂ ਕਰਕੇ ਹੋਏ ਹੋ ਤੁਸੀਂ ਨਿੱਤ।
ਤੁਸਾਂ ਦੇ ਵੱਲ ਜੋ ਖੁੱਲ੍ਹੀ ਰੱਖਦੇ ਆਪਣੇ ਮਨ ਦੀ ਭਿੱਤ।

ਮਿਹਰਬਾਨ ਹੋ ਸਭਸ 'ਤੇ ਹੈ ਬੇਗਾਨਾ ਕੌਣ।
ਵੇਖ ਵਡਿੱਤਣ ਆਪ ਦੀ ਝੁਕ ਜਾਂਦੀ ਹੈ ਧੌਣ।

ਨਾ ਮੁਮਕਿਨ ਨੂੰ ਮੁਮਕਿਨ ਕਰਨਾਂ ਹੈ ਤੁਸਾਂ ਦੇ ਹੱਥ।
ਦੁਖ ਦਰਿੱਦਰ ਰੋਗਾਂ ਸੋਗਾਂ ਨੂੰ ਝੱਟ ਪਾ ਦਿਓ ਨੱਥ।
***



Sri Satguru Jagjit Singh Ji Elibrary NamdhariElibrary@gmail.com

## ਦੋਹੇ (੧੯)

ਗੁਰ ਚਰਨਾਂ ਵੱਲ ਜਿਸ ਬੰਦੇ ਦੀ ਹੋ ਜੈ ਪੂਰੀ ਸੇਧ।
ਉਸਦਾ ਸਮਝੋ ਹੋ ਜਾਂਦਾ ਏ ਘਰ ਹੀ ਜੱਗ ਅਸ਼ਮੇਧ।

ਨਦੀ ਵਿਚ ਕਿਸੇ ਦੀ ਕਿਸ਼ਤੀ ਘਿਰ ਗਈ ਵਿੱਚ ਤੂਫ਼ਾਨ।
ਤੁਸੀਂ ਆਣ ਕੇ ਪਾਰ ਹੋ ਕਰਦੇ ਬਿਨ ਪੁੱਛੇ ਪਹਿਚਾਣ।

ਅਰਜ਼ ਅਸਾਡੀ ਮੰਨ ਲੈਂਦੇ ਹੋ ਤੁਸੀਂ ਤਾਂ ਸੁਣਦੇ ਸਾਰ।
ਕੋਈ ਨਿਰਾਸ਼ ਨਹੀਂ ਦੇਖਿਆ ਅੱਜ ਤੱਕ ਏਸ ਦੁਆਰ।

ਤੁਸਾਂ ਇਨ੍ਹਾਂ ਨੂੰ ਬਖ਼ਸ਼ਿਆ ਜੋ ਨਹੀਂ ਸਨ ਬਖਸ਼ਣ ਯੋਗ।
ਰੋਗੀ ਸਨ ਜੋ ਜਨਮ ਦੇ ਕੱਟੇ ਸਾਰੇ ਰੋਗ।

ਭਰੇ ਭੰਡਾਰ ਨੇ ਤੁਸਾਂ ਦੇ ਕਦੇ ਨਾ ਸਕਦੇ ਮੁੱਕ।
ਇਹ ਸਦੀਵੀ ਦਰਿਆ ਵਗਦੇ ਕਦੇ ਨ ਸਕਦੇ ਸੁੱਕ।

ਮੈਂ ਮੰਗਤਾ ਹਾਂ ਓਸ ਦਰ ਦਾ ਜਿੱਥੇ ਪੂਰੀ ਹੋਵੇ ਮੰਗ।
ਏਥੇ ਆਇਆਂ ਹਰ ਕਿਸੇ ਦੀ ਮਿਟਦੀ ਭੁੱਖ ਤੇ ਨੰਗ।

ਮੰਗਾਂ ਉਸ ਤੋਂ ਮੰਗੀਏ ਜੋ ਸਭ ਨੂੰ ਦੇਵਣ ਹਾਰ।
ਓਸ ਭਲਾ ਕੀ ਦੇਵਣਾ ਜੋ ਆਪ ਹੈ ਮੰਗਣ ਹਾਰ।

ਜੀਵਨ ਦੀਆਂ ਬੁਝਾਰਤਾਂ ਤੁਸੀਂ ਹੀ ਸਕਦੇ ਬੁਝ।
ਆਪ ਹੀ ਜੋ ਹੈ ਉਲਝਿਆ ਉਹ ਨ ਸਕੇ ਸੁਲਝ।

ਕਰਮ ਧਰਮ ਕੁਝ ਨਹੀਂ ਮੈਂ ਕੀਤਾ ਨਹੀਂ ਕੋਈ ਜਾਪ।
ਫੇਰ ਵੀ ਸਾਰੇ ਬਖ਼ਸ਼ੇ ਮੇਰੇ ਅਗਲੇ ਪਿਛਲੇ ਪਾਪ।

ਸੁਣਿਆ ਸੀ ਕਿ ਸਤਿਗੁਰ ਹੁੰਦੇ ਸਭ ਦੇ ਸਦਾ ਸਹਾਈ।
ਪਰਤੱਖ ਸਭ ਕੁਝ ਵੇਖ ਲਿਆ ਕਸਰ ਨ ਦਿਸੀ ਕਾਈ।
***



Sri Satguru Jagjit Singh Ji Elibrary NamdhariElibrary@gmail.com

## ਦੋਹੇ (੨੦)

ਜਿਸ ਦੇ ਨਾਲ ਵੀ ਨੇੜ ਮੈਂ ਕੀਤਾ ਨਿਕਲਿਆ ਅੰਦਰੋਂ ਹੋਰ।
ਤੁਸੀਂ ਹੀ ਅੰਦਰੋਂ ਬਾਹਰੋਂ ਨਿੱਕਲੇ ਸਦਾ ਹੀ ਨਵੇਂ ਨਕੋਰ।

ਧਾਤਾਂ ਵਿੱਚੋਂ ਧਾਤ ਹੈ ਸੋਨਾ ਭਾਵੇਂ ਬੜਾ ਅਮੁੱਲ।
ਪਰ ਸੋਨਾ ਵੀ ਮਾਤ ਖਾ ਜਾਂਦੈ ਤੁਸੀਂ ਦੀ ਸ਼ਾਨ ਅਤੁੱਲ।

ਸੁਣਿਆ ਸੀ ਕਿ ਸਤਿਗੁਰ ਹੁੰਦੇ ਸਭ ਦੇ ਸਦਾ ਹੀ ਮਿੱਤ।
ਪਰਤੱਖ ਸਭ ਕੁਝ ਵੇਖ ਲਿਆ ਰੱਖਦੇ ਸਭ ਸਿਓਂ ਹਿੱਤ।

ਗੁਰਬਾਣੀ ਦਾ ਪਾਠ ਕਰੋ ਨਿੱਤ ਕਿਤਨਾ ਕਰ ਲੋ ਜਾਪ।
ਨਹੀਂ ਭਰੋਸਾ ਗੁਰੂ 'ਤੇ ਸਭ ਕੁਝ ਸਮਝੋ ਨਾਸ।

ਗੁਰ ਚਰਨਾਂ ਦੇ ਬਾਰੇ ਦੱਸੋ ਕਿਹੜੀ ਕਰੀਏ ਬਾਤ।
ਕਰਮ ਚੰਗੇਰੇ ਹੋਵਣ ਜੇਕਰ ਮਿਲਦੀ ਇਹ ਸੌਗਾਤ।

ਸੁਖੀ ਜੇ ਜੀਣਾ ਚਾਹੋ ਚੱਲ ਗੁਰ ਚਰਨੀ ਜਾ ਲੱਗ।
ਹਾਰ ਕਦੇ ਨਾ ਹੋਏਗੀ ਸਨਮਾਨੇਗਾ ਜੱਗ।

ਦਵੈਤ ਈਰਖਾ ਮਨੋ ਤਿਆਗੋ ਮਿਲਦਾ ਧੁਰੋਂ ਸੰਦੇਸ਼।
ਝੁਲਸ ਦਵੇ ਗੀ ਸੀਨੇ ਦੀ ਅੱਗ ਸੁਣੋ ਗੁਰੂ ਉਪਦੇਸ਼।

ਗੁਰ ਮਾਰਗ 'ਤੇ ਚਲਦਿਆਂ ਉਸਤਤ ਕਰੇ ਜਹਾਨ।
ਮਨ ਦੀ ਮੈਲ ਹੈ ਉੱਤਰਦੀ ਹੋਵੇ ਉੱਚੀ ਸ਼ਾਨ।

ਜੋ ਲਿਖਿਆ 'ਅਮਰੀਕ ਸਿੰਘ' ਨੇ ਤੁਸੀਂ ਦੀ ਹੋਈ ਮਿਹਰ।
ਜੀਵਨ ਮੁਕਤ ਹੈ ਕਰ ਦਿੱਤਾ ਲਈ ਰਤਾ ਨ ਦੇਰ।

ਸ਼ਾਲਾ ਜੋ ਕੁਝ ਲਿਖਿਆ ਗਿਆ ਏ ਹੋ ਜਾਏ ਪਰਵਾਨ।
ਸ਼ਬਦਾਂ ਦੇ ਗੁਲਦਸਤੇ ਵਿਚ ਹੈ ਦਰਸ਼ਨ ਭੇਟ ਦੀ ਸ਼ਾਨ।
***



Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com



ਸ਼ਰਬਾਂਗੀ ਸਾਹਿਤਕਾਰ, ਮਹਾਂਕਵੀ, ਹਰਿਆਣਾ ਗੌਰਵ (ਸਨਮਾਨਿਤ) ਨਿਹਾਇਤ ਮਿਲਣਸਾਰ, ਸਾਦਗੀ ਪੁੰਜ, ਸਵੇਦਨਸ਼ੀਲ, ਨਿਰਛਲ, ਵਿਵੇਕਵਾਨ, ਯਾਰਾਂ ਦੇ ਯਾਰ ਅਤੇ ਅਧਿਆਤਮਿਕ ਬਿਰਤੀ ਦੇ ਮਾਲਕ ਮਾਸਟਰ ਅਮਰੀਕ ਸਿੰਘ ਜੀ ਨਾਲ ਮੇਰਾ ਬੜਾ ਨਜਦੀਕੀ ਮੇਲ ਜੋਲ ਕੋਈ ਚਾਰ ਕੁ ਦਹਾਕਿਆਂ ਦਾ ਹੈ। ਜਿੱਥੇ ਉਹ ਉੱਚ ਕੋਟੀ ਦੀ ਕਰਿਤਾਰਿਤਾ ਦੇ ਸਵਾਮੀ ਹਨ ਉੱਥੇ ਹੀ ਬੜੇ ਮਿਠਬੋਲੜੇ ਅਤੇ ਅਹਿਮ ਰਹਿਤ ਇਨਸਾਨ ਹਨ। – ਡਾ. ਜੀ.ਡੀ.ਚੌਧਰੀ

ਮਾਸਟਰ ਅਮਰੀਕ ਸਿੰਘ ਦਾ ਨਾਮ ਪੰਜਾਬੀ ਸਾਹਿਤ ਖੇਤਰ ਵਿੱਚ, ਖ਼ਾਸ ਤੌਰ 'ਤੇ ਨਾਮਧਾਰੀ ਜਗਤ ਵਿੱਚ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਹੈ। ਸ਼ਹਿਰ ਐਲਨਾਬਾਦ ਜ਼ਿਲ੍ਹਾ ਸਿਰਸਾ (ਹਰਿਆਣਾ) ਵਿੱਚ ਰਹਿੰਦੇ ਮਾਸਟਰ ਅਮਰੀਕ ਸਿੰਘ ਜੀ ਕਰੀਬ 89 ਸਾਲ ਦੇ ਹਨ। ਮਾਸਟਰ ਜੀ ਨੇ ਆਪਣੇ ਖੇਤੀਬਾੜੀ ਦੇ ਪੁਸ਼ਤੈਣੀ ਕਿੱਤੇ ਦੇ ਨਾਲ ਨਾਲ ਸ੍ਰੀ ਗੁਰੂ ਹਰੀ ਸਿੰਘ ਸਕੂਲ ਸ੍ਰੀ ਜੀਵਨ ਨਗਰ ਵਿਖੇ ਸਕੂਲ ਮਾਸਟਰੀ ਕਰਦਿਆਂ, ਉਸੇ ਸਕੂਲ ਦੀ ਮੈਨੇਜਰੀ ਕੀਤੀ। ਮਾਸਟਰ ਜੀ ਕਈ ਸਿੱਖਿਆ ਸੰਸਥਾਵਾਂ ਨਾਲ ਵੀ ਜੁੜੇ ਰਹੇ। ਆਪ ਦੇ ਅਨੇਕ ਸ਼ਗਿਰਦ ਹਨ। – ਸੂਬਾ ਸੁਰਿੰਦਰ ਕੌਰ ਖਰਲ


ਤਸਵੀਰ ਪ੍ਰਕਾਸ਼ਨ
ਮੰਡੀ ਕਾਲਾਂਵਾਲੀ
ਸਿਰਸਾ (ਹਰਿਆਣਾ)

Darshan Bhetat Hot Nihal
Rs. 150/-



Sri Satguru Jagjit Singh Ji Elibrary NamdhariElibrary@gmail.com